## ਅਧਿਆਇ 17

# ਪਰਮੇਸ਼ੁਰ ਦਾ ਅਬਰਾਹਾਮ ਦੇ ਨਾਲ ਰਾਸ਼ਟਰੀ ਨੇਮ

ਅਧਿਆਇ 17 ਵਿਚ, ਪਰਮੇਸ਼ੁਰ ਨੇ ਉਸ ਨੇਮ ਦੇ ਵਿਸ਼ੇ ਵਿਚ ਦੁਬਾਰਾ ਗੱਲ ਕੀਤੀ ਜੋ ਉਸ ਨੇ ਅਬਰਾਹਾਮ ਅਤੇ ਉਸ ਦੇ ਪਰਿਵਾਰ ਦੇ ਨਾਲ ਬੰਨ੍ਹਣਾ ਸੀ। ਸੁੰਨਤ ਦੀ ਰੀਤ ਅਬਰਾਹਾਮ ਅਤੇ ਉਸ ਦੀ ਸੰਤਾਨ ਦੇ ਨਾਲ ਪਰਮੇਸ਼ੁਰ ਦੇ ਨੇਮ ਦੇ ਇੱਕ ਚਿੰਨ੍ਹ ਦੇ ਰੂਪ ਵਿਚ ਦਿੱਤੀ ਗਈ ਸੀ। ਪਰਮੇਸ਼ੁਰ ਦੀ ਯੋਜਨਾ ਵਿਚ ਆਪਣੀ ਮਹੱਤਵਪੂਰਣ ਭੂਮਿਕਾ ਨੂੰ ਦਰਸਾਉਣ ਦੇ ਲਈ ਅਬਰਾਹਾਮ ਨੂੰ ਇੱਕ ਨਵਾਂ ਨਾਮ ਦਿੱਤਾ ਗਿਆ ਸੀ (17:5), ਅਤੇ ਸਾਰਾਹ ਦੇ ਨਾਮ ਨੂੰ ਵੀ ਬਦਲਿਆ ਗਿਆ ਸੀ (17:5)।

## ਅਬਰਾਮ ਦਾ ਨਵਾਂ ਨਾਮ (17:1-8)

**[1]ਜਦ ਅਬਰਾਮ ਨੜਿੰਨਵੇਂ ਵਰਿਹਾਂ ਦਾ ਹੋਇਆ ਤਦ ਯਹੋਵਾਹ ਨੇ ਅਬਰਾਮ ਨੂੰ ਦਰਸ਼ਨ
ਦਿੱਤਾ ਅਤੇ ਉਸ ਨੂੰ ਆਖਿਆ ਮੈਂ ਸਰਬਸ਼ਕਤੀਮਾਨ ਪਰਮੇਸ਼ੁਰ ਹਾਂ। ਤੂੰ ਮੇਰੇ ਸਨਮੁਖ ਚੱਲ ਅਰ
ਸੰਪੂਰਨ ਹੋ। [2]ਮੈਂ ਆਪਣਾ ਨੇਮ ਆਪਣੇ ਤੇ ਤੇਰੇ ਵਿੱਚ ਬੰਨ੍ਹਾਂਗਾ ਅਤੇ ਮੈਂ ਤੈਨੂੰ ਹੱਦੋਂ ਬਾਹਲਾ
ਵਧਾਵਾਂਗਾ। [3]ਤਾਂ ਅਬਰਾਮ ਆਪਣੇ ਮੂੰਹ ਦੇ ਭਾਰ ਡਿੱਗਿਆ ਅਰ ਪਰਮੇਸ਼ੁਰ ਨੇ ਉਹ ਦੇ ਨਾਲ
ਇਹ ਗੱਲ ਕੀਤੀ। [4]ਭਈ ਵੇਖ ਮੇਰਾ ਨੇਮ ਤੇਰੇ ਨਾਲ ਹੈ ਅਤੇ ਤੂੰ ਬਹੁਤੀਆਂ ਕੌਮਾਂ ਦਾ ਪਿਤਾ
ਹੋਵੇਂਗਾ। [5]ਉਪਰੰਤ ਤੇਰਾ ਨਾਉਂ ਫੇਰ ਅਬਰਾਮ ਨਹੀਂ ਸੱਦਿਆ ਜਾਵੇਗਾ ਪਰ ਤੇਰਾ ਨਾਉਂ
ਅਬਰਾਹਾਮ ਹੋਵੇਗਾ ਕਿਉਂਕਿ ਮੈਂ ਤੈਨੂੰ ਬਹੁਤੀਆਂ ਕੌਮਾਂ ਦਾ ਪਿਤਾ ਠਹਿਰਾ ਦਿੱਤਾ ਹੈ। [6]ਅਤੇ ਮੈਂ
ਤੈਨੂੰ ਹੱਦੋਂ ਬਾਹਲਾ ਫਲਵੰਤ ਬਣਾਵਾਂਗਾ ਅਰ ਮੈਂ ਤੈਥੋਂ ਕੌਮਾਂ ਬਣਾਵਾਂਗਾ ਅਰ ਤੈਥੋਂ ਰਾਜੇ
ਨਿੱਕਲਣਗੇ। [7]ਅਤੇ ਮੈਂ ਆਪਣਾ ਨੇਮ ਆਪਣੇ ਅਰ ਤੇਰੀ ਅੰਸ ਦੇ ਵਿੱਚ ਜੋ ਤੇਰੇ ਪਿੱਛੋਂ ਆਵੇਗੀ
ਉਨ੍ਹਾਂ ਦੀਆਂ ਪੀੜ੍ਹੀਆਂ ਤੀਕ ਇੱਕ ਅਨੰਤ ਨੇਮ ਕਰਕੇ ਬੰਨ੍ਹਾਂਗਾ ਕਿ ਮੈਂ ਤੇਰੇ ਅਰ ਤੇਰੇ ਪਿੱਛੋਂ ਤੇਰੀ
ਅੰਸ ਦਾ ਪਰਮੇਸ਼ੁਰ ਹੋਵਾਂਗਾ। [8]ਨਾਲੇ ਮੈਂ ਤੈਨੂੰ ਅਰ ਤੇਰੇ ਪਿੱਛੋਂ ਤੇਰੀ ਅੰਸ ਨੂੰ ਤੇਰੇ ਵੱਸਣ ਦੀ ਏਹ
ਧਰਤੀ ਅਰਥਾਤ ਕਨਾਨ ਦੀ ਸਾਰੀ ਧਰਤੀ ਸਦਾ ਦੀ ਮਿਲਖ ਲਈ ਦਿਆਂਗਾ ਅਤੇ ਮੈਂ ਉਨ੍ਹਾਂ ਦਾ
ਪਰਮੇਸ਼ੁਰ ਹੋਵਾਂਗਾ।**

**ਆਇਤ 1.** ਅਧਿਆਇ 17 ਦੀਆਂ ਘਟਨਾਵਾਂ ਅਧਿਆਇ 16 ਤੋਂ ਤੇਰ੍ਹਾਂ ਸਾਲਾਂ ਬਾਅਦ ਵਾਪਰੀਆਂ ਸਨ; **ਅਬਰਾਮ ਨੜਿੰਨਵੇਂ ਵਰਿਹਾਂ ਦਾ ਹੋਇਆ** ਜਦੋਂ **ਯਹੋਵਾਹ ਨੇ ਅਬਰਾਮ ਨੂੰ** ਦੁਬਾਰਾ **ਦਰਸ਼ਨ ਦਿੱਤਾ** (ਵੇਖੋ 16:16)। ਉਸ ਨੇ ਆਪਣੀ ਪਹਿਚਾਣ **ਸਰਬਸ਼ਕਤੀਮਾਨ ਪਰਮੇਸ਼ੁਰ** (אֵל שַׁדַּי, *ਐੱਲ ਸ਼ੈਦਾਈ* [1])ਦੇ ਰੂਪ ਵਿਚ ਦਿੱਤੀ। ਉਹ ਪ੍ਰਾਥਮਿਕ ਨਾਮ ਜਿਸ ਦੇ ਦੁਆਰਾ ਪੁਰਖੇ ਨੇ ਉਸ ਨੂੰ ਪ੍ਰਮੁੱਖ ਤੌਰ ਤੇ ਜਾਣਿਆ ਸੀ ਉਹ "ਯਹੋਵਾਹ" (ਪ੍ਰਭੂ)[2] ਦੀ ਬਜਾਇ

*ਐੱਲ ਸ਼ੈਦਾਈ* ਸੀ।

*ਐੱਲ ਸ਼ੈਦਾਈ* ਦੀ ਸ਼ਬਦ ਵਿਉਂਤਪੱਤੀ ਅਸਪੱਸ਼ਟ ਹੈ ਅਤੇ ਕੋਈ ਵੀ ਆਮ ਸਹਿਮਤੀ ਇਸ ਦੇ ਸਟੀਕ ਅਰਥ ਦੇ ਨਾਲ ਸੰਬੰਧਤ ਨਹੀਂ ਹੈ। ਇੱਕ ਰੱਬੀ ਨਾਮ ਦੇ ਰੂਪ ਵਿਚ, *ਸ਼ੈਦਾਈ* ਨੂੰ ਪੁਰਾਣੇ ਨੇਮ ਵਿਚ ਅਠਤਾਲੀ ਵਾਰ ਇਸਤੇਮਾਲ ਕੀਤਾ ਗਿਆ ਹੈ, ਅਤੇ ਇਹ *ਐੱਲ* ਸੱਤ ਗੁਣਾ ਤੋਂ ਪਹਿਲਾਂ ਰੱਖਿਆ ਗਿਆ ਹੈ (*ਐੱਲ ਸ਼ੈਦਾਈ*; 17:1; 28:3; 35:11; 43:14; 48:3; ਕੂਚ 6:3; ਹਿਜ਼ਕੀਏਲ 10:5)। LXX ਦੇ ਅਧਾਰ ਤੇ, KJV *ਸ਼ੈਦਾਈ* ਦਾ ਅਨੁਵਾਦ ਸਰਵਸ਼ਕਤੀਮਾਨ ਕਰਦਾ ਹੈ, ਜਿਸ ਵਿਚ ਇਸ ਸ਼ਬਦ ਦਾ ਅਨੁਵਾਦ παντοκράτωρ (*ਪੈਂਟੋਕਰਾਟਰ*) ਕੀਤਾ ਗਿਆ ਹੈ, ਜਿਸ ਦਾ ਅਨੁਵਾਦ ਹੈ "ਸਰਬ-ਸ਼ਕਤੀਮਾਨ।" ਬਾਬੁਲ ਦੇ ਤਲਮੂਦ ਦਰਸਾਉਂਦੇ ਹਨ ਕਿ ਇਸ ਰੱਬੀ ਸ਼ਬਦ ਦਾ ਅਰਥ "(ਸਵੈ) ਪੂਰਣ ਹੈ।"[3] ਹੋਰ ਲੋਕ ਸੋਚਦੇ ਹਨ ਕਿ ਐੱਲ *ਸ਼ੈਦਾਈ* ਦਾ ਅਸਲੀ ਅਰਥ "ਪਰਮੇਸ਼ੁਰ, ਇੱਕ ਪਹਾੜ ਸੀ," ਅਤੇ ਉਹ ਇੱਕ ਅਜਿਹਾ ਨਾਮ ਸੀ ਜੋ ਉਸ ਨੂੰ ਉਸ ਪਹਾੜੀ ਦੇ ਨਾਲ ਜੋੜਦਾ ਸੀ ਜਿਸ ਦੇ ਵਿਸ਼ੇ ਵਿਚ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉੱਥੇ ਕਨਾਨੀ ਦੇਵਤੇ ਵੱਸਦੇ ਸਨ।[4]

*ਸ਼ੈਦਾਈ* ਸ਼ਬਦ ਦੀ ਵਿਉਂਤਪੱਤੀ ਦੇ ਵਿਸ਼ੇ ਵਿਚ ਨਿਰੰਤਰ ਵਿਚਾਰਾਂ ਦੇ ਬਾਵਜੂਦ ਲਿਖਤਾਂ ਦੇ ਕਈ ਪ੍ਰਸੰਗ ਸੁਝਾਅ ਦਿੰਦੇ ਹਨ ਕਿ ਇਸ ਨਾਮ ਦੇ ਰਾਹੀਂ ਪਰਮੇਸ਼ੁਰ ਦੀ ਮਹਾਨਤਾ ਅਤੇ ਸ਼ਕਤੀ ਤੇ ਜ਼ੋਰ ਦਿੱਤਾ ਗਿਆ ਹੈ (ਕੂਚ 6:3; ਗਿਣਤੀ 24:4, 16; ਅੱਯੂਬ 11:7)। ਇਸ ਤੋਂ ਇਲਾਵਾ, *ਸ਼ੈਦਾਈ* ਅਕਸਰ ਬੱਚਿਆਂ ਦੇ ਨਾਲ ਪਰਮੇਸ਼ੁਰ ਦੇ ਵਾਇਦੇ ਅਤੇ ਉਸ ਦੀ ਇੱਛਾ ਦੇ ਅਨੁਸਾਰ ਰਾਸ਼ਟਰਾਂ ਦੇ ਉਠਾਏ ਜਾਣ ਦੇ ਨਾਲ ਸੰਬੰਧਤ ਹੁੰਦਾ ਹੈ (28:3; 35:11; 43:14; 48:3; 49:25)। *ਐੱਲ ਸ਼ੈਦਾਈ,* ਇਤਿਹਾਸ ਦੇ ਉੱਪਰ ਪ੍ਰਭੂ, ਬਾਂਝ ਇਸਤਰੀਆਂ ਨੂੰ ਬੱਚਿਆਂ ਦੀਆਂ ਮਾਵਾਂ ਬਣਾ ਸਕਦਾ ਸੀ। ਉਹ ਆਪਣੀ ਮਰਜ਼ੀ ਦੇ ਅਨੁਸਾਰ, ਰਾਸ਼ਟਰਾਂ ਨੂੰ ਉੱਚਾ ਚੁੱਕ ਸਕਦਾ ਹੈ ਅਤੇ ਕੁਦਰਤ ਨੂੰ ਆਪਣੇ ਵੱਸ ਵਿਚ ਰੱਖ ਸਕਦਾ ਹੈ।

ਅਬਰਾਹਾਮ ਦੇ ਉੱਤੇ ਆਪਣੇ ਆਪ ਨੂੰ "ਸਰਬਸ਼ਕਤੀਮਾਨ ਪਰਮੇਸ਼ੁਰ . . ." ਦੇ ਰੂਪ ਵਿਚ ਪਰਗਟ ਕਰਨ ਤੋਂ ਬਾਅਦ, ਯਹੋਵਾਹ ਨੇ ਪੁਰਖੇ ਨੂੰ ਹੁਕਮ ਦਿੱਤਾ ਕਿ, **ਤੂੰ ਮੇਰੇ ਸਨਮੁਖ ਚੱਲ ਅਰ ਸੰਪੂਰਨ ਹੋ।** ਸਭ ਤੋਂ ਪਹਿਲਾਂ ਇਹ ਜਾਪ ਸਕਦਾ ਹੈ ਜਿਵੇਂ ਪਰਮੇਸ਼ੁਰ ਅਬਰਾਹਾਮ ਨੂੰ ਪਾਪਰਹਿਤ ਆਗਿਆਕਾਰੀ ਦੇ ਇੱਕ ਸਿੱਧ ਜੀਵਨ ਦੇ ਲਈ ਬੁਲਾ ਰਿਹਾ ਹੈ। ਕਿਉਂਕਿ ਇਸ ਤਰ੍ਹਾਂ ਦਾ ਜੀਵਨ ਅਸੰਭਵ ਹੋਵੇਗਾ, ਇਸ ਪ੍ਰਕਾਰ ਦੀ ਇੱਕ ਪ੍ਰੇਰਣਾ ਜ਼ਰੂਰ ਉਸ ਦੀ ਨਿਰਾਸ਼ਾ ਅਤੇ ਉਦਾਸੀ ਨੂੰ ਜਨਮ ਦੇਵੇਗੀ। ਇਸ ਦੀ ਬਜਾਇ, "ਸਨਮੁਖ ਚੱਲ" ਦਾ ਅਰਥ ਇਹ ਹੋ ਸਕਦਾ ਹੈ ਕਿ ਅਬਰਾਹਾਮ ਨੂੰ ਹਮੇਸ਼ਾ ਆਪਣੇ ਜੀਵਨ ਦੇ ਵਿਚ ਪਰਮੇਸ਼ੁਰ ਦੀ ਹਜ਼ੂਰੀ ਦੇ ਪ੍ਰਤੀ ਸੁਚੇਤ ਹੋਣਾ ਚਾਹੀਦਾ ਸੀ। ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਇਸ ਗੱਲ ਨੂੰ ਜਾਣੇ ਕਿ ਪਰਮੇਸ਼ੁਰ ਉਸ ਦਾ ਨਿਰੰਤਰ ਸਾਥੀ ਹੋਵੇਗਾ ਅਤੇ ਨਾ ਕਦੀ ਉਸ ਨੂੰ ਛੱਡੇਗਾ ਅਤੇ ਨਾ ਹੀ ਉਸ ਨੂੰ ਕਦੀ ਤਿਆਗੇਗਾ (ਵੇਖੋ ਇਬਰਾਨੀਆਂ 13:5, 6)। "ਸੰਪੂਰਨ ਹੋ" (תָּמִים, *ਥਾਮਿਮ)* ਦਾ ਅਰਥ ਕਦੀ ਵੀ ਪਾਪ ਰਹਿਤ ਸਿੱਧਤਾ ਨਹੀਂ ਹੁੰਦਾ ਹੈ; ਇਸ ਦਾ ਅਰਥ ਕਿਸੇ ਦੀ ਇੱਕ ਵਿਅਕਤੀ ਅਤੇ ਪਰਮੇਸ਼ੁਰ ਦੀਆਂ ਮੰਗਾਂ ਵਿਚ "ਸੰਪੂਰਣ" ਜਾਂ "ਪੂਰੇ ਦਿਲ ਦੇ ਨਾਲ" ਚੱਲਣਾ ਹੁੰਦਾ ਹੈ"[5] (6:9 ਤੇ ਟਿੱਪਣੀਆਂ ਵੇਖੋ)।

ਇਹ ਦਾਊਦ ਦੇ ਜੀਵਨ ਤੋਂ ਸਪੱਸ਼ਟ ਹੈ, ਜਿਸ ਨੇ ਇਹ ਕਿਹਾ ਕਿ ਉਹ ਪਰਮੇਸ਼ੁਰ ਦੀਆਂ "ਵਿਧੀਆਂ" ਤੋਂ ਨਹੀਂ ਮੁੜਿਆ, ਪਰ ਉਸ ਦੇ ਸਾਹਮਣੇ "ਪੂਰਾ ਉਤਰਿਆ" (*ਥਾਮਿਮ)* (2 ਸਮੂਏਲ 22:23, 24)। ਇਨ੍ਹਾਂ ਸ਼ਬਦਾਂ ਦਾ ਅਰਥ ਇਹ ਨਹੀਂ ਹੋ ਸਕਦਾ ਕਿ ਦਾਊਦ ਨੇ ਕਦੀ ਵੀ ਪਾਪ ਨਹੀਂ ਕੀਤਾ ਸੀ, ਕਿਉਂਕਿ ਬਾਈਬਲ ਦੇ ਕੁਝ ਹਵਾਲਿਆਂ ਵਿਚੋਂ ਉਸ ਦੇ ਕੁਝ ਗੰਭੀਰ ਅਪਰਾਧਾਂ

ਦਾ ਪਤਾ ਲੱਗਦਾ ਹੈ (2 ਸਮੂਏਲ 11:1-27; ਜ਼ਬੂਰ 51:1-19)। ਫਿਰ ਵੀ, ਦਾਊਦ ਦੇ ਜੀਵਨ ਤੋਂ ਪਤਾ ਲੱਗਦਾ ਹੈ ਕਿ, ਭਾਵੇਂ ਉਸ ਨੇ ਕਈ ਵਾਰ ਪਾਪ ਕੀਤਾ ਸੀ, ਪਰ ਉਹ ਹਮੇਸ਼ਾ ਪਰਮੇਸ਼ੁਰ ਦਾ ਬੰਦਾ ਬਣ ਕੇ ਰਹਿਣਾ ਚਾਹੁੰਦਾ ਸੀ। ਦਾਊਦ ਦੇ ਲਈ, ਪਾਪ ਇੱਕ ਜੀਵਨ ਦਾ ਰਵੱਈਆ ਨਹੀਂ ਸੀ; ਇਹ ਇੱਕ ਭੁੱਲ ਸੀ ਜਿਸ ਵਿਚ ਉਸ ਨੇ ਆਪਣੇ ਚਰਿੱਤਰ ਤੋਂ ਬਾਹਰ ਕੰਮ ਕੀਤਾ ਸੀ। ਪਾਪ ਪ੍ਰਭੂ ਦੇ ਪ੍ਰਤਿ ਦਾਊਦ ਦੀ ਸੱਚੀ ਵਚਨਬੱਧਤਾ ਦੇ ਉਲਟ ਸੀ ਅਤੇ ਉਸ ਦੇ ਪਿੱਛੋਂ ਦਾਊਦ ਦਾ ਸੱਚਾ ਪਛਤਾਵਾ ਅਤੇ ਉਸ ਦੀ ਅਨੁਰੂਪਤਾ ਵਿਚ ਪਰਮੇਸ਼ੁਰ ਦੀ ਮਾਫ਼ੀ ਸੀ (2 ਸਮੂਏਲ 12:13; ਜ਼ਬੂਰ 32:1, 2, 5)।

ਪਰਮੇਸ਼ੁਰ ਦਾ ਹੁਕਮ ਇਹ ਸੀ ਕਿ ਅਬਰਾਹਾਮ ਉਸ ਦੀ ਸੇਵਾ ਕਰਦਾ ਹੋਇਆ ਅਤੇ ਉਸ ਦੀ ਇੱਛਾ ਨੂੰ ਪੂਰਾ ਕਰਦਾ ਹੋਇਆ, ਉਸ ਦੀ ਹਜ਼ੂਰੀ ਵਿਚ ਵਿਸ਼ਵਾਸ ਦੇ ਨਾਲ ਚੱਲਣ ਦੇ ਲਈ ਪੂਰੀ ਤਰ੍ਹਾਂ ਦੇ ਨਾਲ ਸਮਰਪਿਤ ਹੋ ਜਾਵੇ (ਵੇਖੋ 12:11-13; 20:1-3); ਪਰ ਜਦੋਂ ਉਸ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੀ ਪੂਰੀ ਆਗਿਆਕਾਰੀ ਨਾ ਕੀਤੀ, ਤਾਂ ਉਹ ਆਪਣੇ ਚਰਿੱਤਰ ਤੋਂ ਬਾਹਰ ਕੰਮ ਕਰ ਰਿਹਾ ਸੀ ਅਤੇ ਪਰਮੇਸ਼ੁਰ ਦੇ ਪ੍ਰਤਿ ਦਿਲ ਦੀ ਵਚਨਬੱਧਤਾ ਤੋਂ ਉਲਟ ਸੀ। ਪਰਮੇਸ਼ੁਰ ਦੇ ਨਾਲ ਉਸ ਦਾ ਸਹੀ ਰਿਸ਼ਤਾ (ਧਾਰਮਿਕਤਾ) ਵਿਸ਼ਵਾਸ ਦੇ ਰਾਹੀਂ ਕਿਰਪਾ ਦੇ ਆਧਾਰ ਤੇ ਕੀਤਾ ਗਿਆ ਸੀ, ਨਾ ਕਿ ਸੰਪੂਰਣਤਾ ਦੇ ਕੰਮਾਂ ਦੇ ਆਧਾਰ ਤੇ। ਜਿਵੇਂ ਕਿ ਬਾਅਦ ਵਿਚ ਦਾਊਦ ਦੇ ਮਾਮਲੇ ਵਿਚ ਸੀ, ਪਰਮੇਸ਼ੁਰ ਨੇ ਅਬਰਾਹਾਮ ਨੂੰ ਉਸ ਦੇ ਬੇਪਾਤਰ ਕਿਰਪਾ ਦੇ ਰਾਹੀਂ ਮਾਫ਼ ਕਰ ਦਿੱਤਾ ਅਤੇ ਉਸ ਦੇ ਵਿਰੁੱਧ ਪਾਪ ਦਾ ਦੋਸ਼ ਨਹੀਂ ਲਾਇਆ (ਰੋਮੀਆਂ 4:1-8)।

**ਆਇਤ 2.** ਪਰਮੇਸ਼ੁਰ ਅਬਰਾਹਾਮ ਦੇ ਨਾਲ **ਆਪਣਾ ਨੇਮ** ਕਿਉਂ ਬੰਨਣਾ ਚਾਹੁੰਦਾ ਸੀ-ਇਹ ਗੱਲ ਅਸਪੱਸ਼ਟ ਹੈ, ਜਦਕਿ ਉਸ ਨੇ 15:18 ਵਿਚ ਪਹਿਲਾਂ ਤੋਂ ਹੀ ਇਹ ਕਰ ਦਿੱਤਾ ਸੀ। ਇੱਥੇ “ਬੰਨ੍ਹਾਂਗਾ” ਦੇ ਲਈ ਜੋ ਸ਼ਬਦ ਇਸਤੇਮਾਲ ਕੀਤਾ ਗਿਆ ਸੀ ਉਹ נָתַן (ਨਾਥਨ, “ਦਿੱਤਾ”) ਹੈ: ਪਰ ਕਿਉਂਕਿ ਘੱਟੋ ਘੱਟ ਤੇਰ੍ਹਾਂ ਸਾਲ ਬੀਤ ਚੁੱਕੇ ਸਨ, ਇਸ ਲਈ ਸ਼ਾਇਦ ਉਹ ਮੂਲ ਨੇਮ ਨੂੰ “ਮਜ਼ਬੂਤ,” ਜਾਂ “ਪੱਕਾ” ਕਰਨਾ ਚਾਹੁੰਦਾ ਸੀ। ਜੇਕਰ ਹਾਂ, ਤਾਂ ਪਰਮੇਸ਼ੁਰ ਨੇਮ ਦਾ ਨਵੀਨੀਕਰਣ ਕਰ ਰਿਹਾ ਸੀ ਅਤੇ ਮੂਲ ਇਕਰਾਰਨਾਮੇ ਦੀ ਪੂਰਤੀ ਕਰ ਰਿਹਾ ਸੀ ਜੋ ਉਸ ਨੇ ਅਬਰਾਹਾਮ ਦੇ ਨਾਲ ਕੀਤਾ ਸੀ।

ਸ਼ੁਰੂਆਤੀ ਨੇਮ ਇੱਕ-ਤਰਫਾ ਸੀ, ਜੋ ਕੇਵਲ ਪਰਮੇਸ਼ੁਰ ਨੂੰ ਇਸ ਦੇ ਨਾਲ ਬੰਨ੍ਹਦਾ ਸੀ। ਇਸ ਦੀਆਂ ਕੋਈ ਠੋਸ ਸ਼ਰਤਾਂ ਨਹੀਂ ਸਨ ਜਿਨ੍ਹਾਂ ਦੇ ਵਿਚ ਅਬਰਾਹਾਮ ਦੀ ਆਗਿਆਕਾਰੀ ਦੀ ਲੋੜ ਸੀ। ਪਰ, ਇਸ ਬੰਦ ਵਿਚ, ਪਰਮੇਸ਼ੁਰ ਨੇ ਨੇਮ ਦੇ ਤਿੰਨਾਂ ਪ੍ਰਭਾਵਾਂ ਦੀ ਪਹਿਚਾਣ ਕੀਤੀ ਹੈ, ਜਿਸ ਵਿਚ ਜੋ ਪਾਰਟੀ ਸ਼ਾਮਲ ਹੁੰਦੀ ਹੈ ਉਸ ਦੇ ਉੱਤੇ ਜ਼ਿੰਮੇਵਾਰੀ ਪਾਈ ਜਾਂਦੀ ਸੀ। ਉਸ ਨੇ ਤਿੰਨਾਂ ਭਾਗਾਂ ਨੂੰ ਇਸ ਪ੍ਰਕਾਰ ਦਰਸਾਇਆ “ਮੇਰੇ ਲਈ [ਯਹੋਵਾਹ] . . .” (17:4-8), “ਤੇਰੇ ਲਈ [ਅਬਰਾਹਾਮ] . . .” (17:9-14), ਅਤੇ “ਸਾਰਾਹ ਲਈ . . .” (17:15, 16)। ਫਿਰ, ਇਸ ਤੋਂ ਪਹਿਲਾਂ ਕਿ ਪਰਮੇਸ਼ੁਰ ਹਰ ਇੱਕ ਸਹਿਭਾਗੀ ਤੇ ਸ਼ਰਤਾਂ ਨੂੰ ਲਾਗੂ ਕਰਦਾ, ਉਸ ਇਸ ਗੱਲ ਨੂੰ ਦੱਸਿਆ ਕਿ ਅਬਰਾਹਾਮ ਦੀ ਆਮ ਜ਼ਿੰਮੇਵਾਰੀ ਵਿਚ ਅਬਰਾਹਾਮ ਦੀ ਸੱਚੀ ਆਗਿਆਕਾਰੀ ਦਾ ਵਿਹਾਰ ਸ਼ਾਮਲ ਸੀ। ਨੇਮ ਵਿਚਲੇ ਆਪਣੇ ਹਿੱਸੇ ਨੂੰ ਪੂਰਾ ਕਰਨ ਦੇ ਲਈ ਅਬਰਾਹਾਮ ਨੂੰ, ਉਸ ਦੇ ਆਪਣੇ ਤਰੀਕੇ ਵਿਚ ਅਤੇ ਉਸ ਦੇ ਸਮੇਂ-ਸਾਰਣੀ ਦੇ ਅਨੁਸਾਰ ਪਰਮੇਸ਼ੁਰ ਦੇ ਉੱਤੇ ਭਰੋਸਾ ਕਰਨ ਦੀ ਲੋੜ ਸੀ। ਹੋਰਨਾਂ ਸ਼ਬਦਾਂ ਵਿਚ, ਪਰਮੇਸ਼ੁਰ ਦੇ ਅੱਗੇ ਵੱਧਣ ਦੀ ਜਾਂ ਉਸ ਦੀ ਯੋਜਨਾ ਵਿਚ ਉਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨ ਦੀ ਕੋਈ ਲੋੜ ਨਹੀਂ ਸੀ।

ਪਿਛਲੇ ਅਧਿਆਇ ਵਿਚ, ਸ਼ੱਕ ਸਪੱਸ਼ਟ ਸੀ ਕਿਉਂਕਿ ਸਾਰਾਹ ਅਗਾਂਹ ਤੋਂ ਗਰਭਵਤੀ ਨਹੀਂ ਹੋ ਸਕਦੀ ਸੀ। ਹੁਣ ਸਮੱਸਿਆ ਵੱਧ ਗਈ ਸੀ ਕਿਉਂਕਿ ਅਬਰਾਹਾਮ, ਨੜ੍ਹਿੰਨਵੇਂ ਸਾਲ ਦਾ ਸੀ,

ਅਤੇ ਕਮਜ਼ੋਰ ਸੀ। ਜਿੱਥੋਂ ਤੱਕ ਕੁਦਰਤੀ ਪ੍ਰਜਨਨ ਦੀ ਕੋਈ ਉਮੀਦ ਹੈ, ਉਨ੍ਹਾਂ ਦੋਵਾਂ ਦੀ ਦੇਹੀ "ਮੁਰਦੇ ਵਰਗੀ" ਹੋ ਗਈ ਸੀ (ਰੋਮੀਆਂ 4:19)। ਸਿੱਟੇ ਵਜੋਂ, ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਬੱਚਿਆਂ ਨੂੰ ਪੈਦਾ ਕਰਨ ਦੇ ਹਰ ਇੱਕ ਰਾਹ ਨੂੰ ਬੰਦ ਕਰ ਦਿੱਤਾ ਸੀ। ਉਨ੍ਹਾਂ "ਨਿਹਚਾ ਦੇ ਲਈ . . . ਬੱਧੇ ਹੋਏ ਸਨ" (ਗਲਾਤੀਆਂ 3:23); ਪਰਮੇਸ਼ੁਰ ਦੇ ਉੱਤੇ ਭਰੋਸਾ ਕਰਨਾ ਉਨ੍ਹਾਂ ਦੀ ਇਕਮਾਤਰ ਵਿਕਲਪ ਸੀ ਜੋ ਉਨ੍ਹਾਂ ਦੇ ਲਈ ਬਚ ਗਿਆ ਸੀ। ਅਬਰਾਹਾਮ ਦੇ ਸਾਹਮਣੇ ਇਸ ਪ੍ਰਤੱਖ ਮੁਸ਼ਕਲ ਜਾਪਣ ਵਾਲੀ ਰੁਕਾਵਟ ਦੇ ਨਾਲ, ਪ੍ਰਭੂ ਨੇ ਇੱਕ ਵਾਰ ਫਿਰ ਜਾਤੀਗਤ ਵਾਇਦਾ ਕੀਤਾ **ਮੈਂ ਤੈਨੂੰ ਹੱਦੋਂ ਬਾਹਲਾ ਵਧਾਵਾਂਗਾ।**

**ਆਇਤ 3.** ਇਸ ਦਰਸ਼ਣ ਨੂੰ ਵੇਖ ਕੇ ਅਤੇ ਪ੍ਰਭੂ ਦੇ ਵਾਇਦੇ ਨੂੰ ਸੁਣ ਕੇ, **ਅਬਰਾਮ ਆਪਣੇ ਮੂੰਹ ਦੇ ਭਾਰ ਡਿੱਗਿਆ**। ਇਹ ਇੱਕ ਸ੍ਰੇਸ਼ਠ ਪੁਰਖ ਦੇ ਸਾਹਮਣੇ ਆਦਰ ਦਿਖਾਉਣ ਦਾ ਇੱਕ ਕੰਮ ਸੀ (37:9, 10; 42:6; 44:14; 48:12; 2 ਸਮੂਏਲ 9:6; 1 ਰਾਜਿਆਂ 18:7)। ਇਸ ਮਾਮਲੇ ਵਿਚ, ਸ੍ਰੇਸ਼ਠ **ਪਰਮੇਸ਼ੁਰ** ਸੀ। ਝੁੱਕਣਾ ਜਾਂ ਮੂੰਹ ਦੇ ਭਾਰ ਡਿੱਗਣਾ ਯਹੋਵਾਹ ਦੀ ਹਜ਼ੂਰੀ ਵਿਚ ਇੱਕ ਵਿਸ਼ੇਸ਼ ਡਰ, ਆਦਰ, ਅਤੇ ਅਰਾਧਨਾ ਦੀ ਪ੍ਰਤਿਕਿਰਿਆ ਹੈ (24:52; ਕੂਚ 34:8; ਲੇਵੀਆਂ 9:24; ਯਹੋਸ਼ੁਆ 5:14; ਹਿਜ਼ਕੀਏਲ 1:28)। ਇਸ ਸੰਕੇਤ ਦੇ ਦੁਆਰਾ ਜੋ ਕਿ ਸ਼ਬਦਾਂ ਤੋਂ ਵੱਧ ਕੇ ਅਰਥਪੂਰਣ ਸੀ, ਅਬਰਾਹਾਮ ਨੇ ਨਿਮਰਤਾ ਅਤੇ ਪਰਮੇਸ਼ੁਰ ਦੇ ਵਚਨਾਂ ਨੂੰ ਸੁਣਨ ਦੀ ਆਪਣੀ ਇੱਛਾ ਨੂੰ ਪਰਗਟ ਕੀਤਾ।

**ਆਇਤ 4.** ਸ਼ੁਰੂਆਤੀ ਸ਼ਬਦਾਂ ਤੋਂ, ਬੋਲਣ ਦੀ ਭਾਵਨਾ ਨੂੰ ਤਹਿ ਕੀਤਾ ਗਿਆ ਸੀ। ਇਸ **ਨੇਮ** ਵਿਚ ਸਭ ਤੋਂ ਪਹਿਲਾਂ ਪਰਮੇਸ਼ੁਰ ਦੀਆਂ ਜ਼ਿੰਮੇਵਾਰੀਆਂ ਦੀ ਘੋਸ਼ਣਾ ਕੀਤੀ ਗਈ ਸੀ: **ਭਈ ਵੇਖ ਮੇਰਾ . . . ।** ਪਿਛਲੇ ਰੱਬੀ ਵਾਇਦਿਆਂ ਦੀ ਤੁਲਨਾ ਵਿਚ, ਯਹੋਵਾਹ ਨੇ ਇਸ ਗੱਲ ਨੂੰ ਯਕੀਨੀ ਨਹੀਂ ਬਣਾਇਆ ਕਿ ਉਹ "ਇੱਕ ਵੱਡੀ ਕੌਮ" (12:2), "ਅੰਸ" (15:5)[6] ਦਾ ਪਿਤਾ ਹੋਵੇਗਾ। ਨੇਮ ਦੇ ਪ੍ਰਤਿ ਪਰਮੇਸ਼ੁਰ ਦੇ ਸਮਰਪਣ ਨੂੰ ਪ੍ਰਦਰਸ਼ਿਤ ਕਰਨ ਦੇ ਲਈ, ਉਤਪਤ ਦੇ ਲੇਖਕ ਨੇ ਇਸ ਵਿਸ਼ੇ ਨੂੰ ਅਬਰਾਹਾਮ ਦੀ ਵੰਸ਼ਾਵਲੀ ਦੀਆਂ ਕਈ ਸ਼ਾਖਾਵਾਂ ਦੇ ਦੁਆਰਾ ਉਲੀਕਿਆ। ਉਸ ਦੀ ਪਤਨੀ ਕਟੂਰਾਹ (25:1-4), ਉਸ ਦੇ ਪੁੱਤਰ ਇਸਮਾਏਲ (25:12-18), ਅਤੇ ਉਸ ਦੇ ਪੋਤੇ ਏਸਾਓ (36:1-43) ਤੋਂ "ਕੌਮਾਂ" ਪੈਦਾ ਹੋਈਆਂ।

**ਆਇਤ 5.** ਇਸ ਵਾਇਦੇ ਦਾ ਮਹੱਤਵ ਪੁਰਖੇ ਦੇ ਨਾਮ ਨੂੰ **ਅਬਰਾਮ** (אַבְרָם, *ਅਬਰਾਮ),* ਜਿਸ ਦਾ ਅਰਥ "ਆਦਰਯੋਗ ਪਿਤਾ," ਤੋਂ **ਅਬਰਾਹਾਮ** ਵਿਚ ਕੀਤਾ ਗਿਆ। ਹਾਲਾਂਕਿ ਬਾਅਦ ਦੇ ਸ਼ਬਦ ਦੀ ਵਿਉਂਤਪੱਤੀ ਵਿਦਵਾਨਾਂ ਰਾਹੀਂ ਵਿਵਾਦਿਤ ਰਹੀ ਹੈ, ਇਹ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਪਰਮੇਸ਼ੁਰ "ਅਬਰਾਹਾਮ" (אַבְרָהָם, *ਅਬਰਾਹਾਮ)* ਅਤੇ। אַב־הֲמוֹן ( *ਅਬਹਮੋਨ*) ਸ਼ਬਦਾਂ ਦਾ ਖੇਲ੍ਹ ਖੇਡ ਰਿਹਾ ਸੀ, ਜਿਸ ਦਾ ਅਰਥ **ਬਹੁਤੀਆਂ ਕੌਮਾਂ ਦਾ ਪਿਤਾ ਹੈ**।[7]

ਪ੍ਰਾਚੀਨ ਨੇੜਲੇ ਪੂਰਬੀ ਸੱਭਿਆਚਾਰ ਵਿਚ, ਇੱਕ ਨਾਮ ਦੇ ਬਦਲਣ ਦਾ ਸਾਡੀ ਤੁਲਨਾ ਵਿਚ ਬਹੁਤ ਹੀ ਜ਼ਿਆਦਾ ਮਹੱਤਵ ਹੁੰਦਾ ਸੀ। ਅੱਜ, ਇੱਕ ਵਿੱਚ ਵੰਸ਼ਾਵਲੀ ਪੁਰਖੇ ਜਾਂ ਇੱਕ ਆਧੁਨਿਕ ਹੀਰੋ ਦੇ ਆਦਰ ਵਿਚ ਇੱਕ ਨਾਮ ਦਿੱਤਾ ਜਾਂਦਾ ਸੀ, ਜਾਂ ਇਹ ਸਿਰਫ ਇੱਕ ਲੇਬਲ ਹੋ ਸਕਦਾ ਹੈ ਜੋ ਸੁਣਨ ਵਿਚ ਮਾਤਾ-ਪਿਤਾ ਨੂੰ ਚੰਗਾ ਲੱਗਦਾ ਹੈ। ਪੁਰਾਣੇ ਨੇਮ ਵਿਚ, ਨਾਮ ਬਹੁਤ ਮਹੱਤਵਪੂਰਣ ਹੁੰਦੇ ਸਨ; ਇਹ ਅਕਸਰ ਮਾਤਾ-ਪਿਤਾ ਦੀਆਂ ਉਨ੍ਹਾਂ ਆਸਾਂ ਨੂੰ ਪਰਗਟ ਕਰਦੇ ਸਨ ਜੋ ਉਹ ਆਪਣੇ ਬੱਚਿਆਂ ਤੋਂ ਰੱਖਦੇ ਸਨ ਕਿ ਉਨ੍ਹਾਂ ਦਾ ਬੱਚਾ ਕਿਸ ਕਿਸਮ ਦਾ ਵਿਅਕਤੀ ਹੋਵੇਗਾ, ਅਤੇ ਕਈ ਵਾਰ ਉਹ ਕਿਸੇ ਇਸਤਰੀ ਜਾਂ ਪੁਰਖ ਦੀ ਕਿਸਮਤ ਨੂੰ ਦਰਸਾਉਣ ਵਾਲਾ ਵੀ ਹੋ ਸਕਦਾ ਸੀ। ਇੱਕ ਨਾਮ ਬਦਲਣ ਦਾ ਅਰਥ ਅਕਸਰ ਇੱਕ ਵਿਅਕਤੀ ਦੇ ਚਰਿੱਤਰ ਜਾਂ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਵਿਚ ਉਸ ਦੇ ਕਿਰਦਾਰ ਦੇ ਵਿਚ ਬਦਲਾਅ ਨੂੰ

ਦਰਸਾਉਂਦਾ ਸੀ।

**ਆਇਤ 6.** ਅਬਰਾਹਾਮ ਦੇ ਮਾਮਲੇ ਵਿਚ, ਪਰਮੇਸ਼ੁਰ ਨੇ ਉਸ ਦੇ ਨਾਮ ਦੇ ਬਦਲਣ ਦੇ ਕਾਰਣ ਨੂੰ ਨਿਸ਼ਚਤ ਤੌਰ ਤੇ ਬਿਆਨ ਕੀਤਾ: ਕਿ ਉਹ ਉਸ ਨੂੰ **ਬਾਹਲਾ ਫਲਵੰਤ** ਬਣਾਵੇਗਾ ਜਿਵੇਂ "ਬਹੁਤੀਆਂ ਕੌਮਾਂ ਦਾ ਪਿਤਾ," ਅਤੇ **ਕੌਮਾਂ** ਅਤੇ **ਰਾਜੇ** ਉਸ ਤੋਂ **ਨਿੱਕਲਣਗੇ**।

ਸ਼ਬਦ "ਫਲਵੰਤ" ਨੂੰ ਅਕਸਰ "ਅੰਸ ਵਧਾਉਣ" ਦੇ ਨਾਲ ਜੋੜਿਆ ਜਾਂਦਾ ਹੈ (17:2)। ਇਹ ਸ਼ਬਦ ਪਰਮੇਸ਼ੁਰ ਦੇ ਦੁਆਰਾ ਪਹਿਲੇ ਆਦਮੀ ਅਤੇ ਇਸਤਰੀ ਨੂੰ ਦਿੱਤੇ ਗਏ ਹੁਕਮ ਨੂੰ ਦੁਹਰਾਉਂਦੇ ਹਨ, "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ" (1:28)। ਜਲ ਪਰਲੋ ਤੋਂ ਬਾਅਦ ਨੂਹ ਅਤੇ ਉਸ ਦੇ ਪੁੱਤਰਾਂ ਦੇ ਲਈ ਇਸ ਦਾ ਦੁਬਾਰਾ ਬਿਆਨ ਕੀਤਾ ਗਿਆ (9:1, 7) ਆਦਮ ਅਤੇ ਨੂਹ ਦੇ ਵਾਂਗ, ਅਬਰਾਹਾਮ, ਦੁਨੀਆਂ ਦੇ ਇਤਹਾਸ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਵਿਚ ਖੜਾ ਹੈ। ਸਾਰੇ ਸੰਸਾਰ ਨੂੰ ਬਰਕਤ ਦੇਣ ਦੀ ਪਰਮੇਸ਼ੁਰ ਦੀ ਮੂਲ ਰਚਨਾਤਮਕ ਯੋਜਨਾ ਜੋ ਸੰਸਾਰ ਵਿਚ ਪਾਪ ਦੇ ਪ੍ਰਵੇਸ਼ ਦੇ ਕਾਰਣ ਭੰਗ ਹੋ ਗਈ ਸੀ। ਜਲ ਪਰਲੋ ਤੋਂ ਬਾਅਦ, ਨੂਹ ਦੇ ਪਰਿਵਾਰ ਦੀ ਧਾਰਮਿਕਤਾ ਦੇ ਦੁਆਰਾ ਸ਼ੁੱਧ ਕੀਤਾ ਗਿਆ ਸੰਸਾਰ ਦੁਬਾਹਾ ਅਸ਼ੁੱਧ ਹੋ ਗਿਆ। ਅਬਰਾਹਾਮ ਨੂੰ "ਹੱਦੋਂ ਬਾਹਲਾ ਫਲਵੰਤ" ਫਲਵੰਤ ਕਰਨ ਦੀ ਉਸ ਦੀ ਯੋਗਤਾ ਦੇ ਪ੍ਰਬੰਧ ਨੂੰ ਦਰਸਾਉਂਦਾ ਹੈ – ਸਿਰਫ ਇਸ ਦ੍ਰਿਸ਼ਟੀ ਦੇ ਨਾਲ ਹੀ ਨਹੀਂ ਕਿ "ਕੌਮਾਂ" ਅਤੇ "ਰਾਜੇ" ਉਸ ਦੇ ਦੁਆਰਾ ਨਿੱਕਲਣੇ, ਸਗੋਂ ਉਸ ਨੂੰ ਪਰਮੇਸ਼ੁਰ ਦੇ ਮੂਲ ਵਾਇਦੇ "ਤੇਰੇ ਕਾਰਨ ਸਰਿਸ਼ਟੀ ਦਾ ਸਾਰੇ ਘਰਾਣੇ ਮੁਬਾਰਕ ਹੋਣਗੇ" ਨੂੰ ਪੂਰਾ ਕਰਨ ਵਿਚ ਹਿੱਸਾ ਪਾਉਣ ਦੇ ਯੋਗ ਕਰ ਰਿਹਾ ਹੈ (12:2, 3)।

ਇਹ ਭਵਿੱਖਵਾਣੀ ਕਿ ਅਬਰਾਹਾਮ ਤੋਂ "ਰਾਜੇ" ਨਿੱਕਲਣੇ "ਵੱਡੀ ਕੌਮ" ਦੇ ਵਾਇਦੇ ਨੂੰ ਪੂਰਾ ਕਰਦੇ ਹੋਏ ਜਾਪਦੇ ਹਨ (12:2), ਪਰ ਇਸ ਦਾ ਅਰਥ ਇਹ ਵੀ ਹੈ ਕਿ ਪੁਰਖੇ ਤੋਂ ਸਵੈ-ਸ਼ਾਸੀ ਕੌਮਾਂ ਪੈਦਾ ਹੋਣਗੀਆਂ। ਭਾਵੇਂ ਅਬਰਾਹਾਮ ਕਦੀ ਵੀ ਇੱਕ ਰਾਜਾ ਨਹੀਂ ਬਣਿਆ, ਪਰ ਉਹ ਬਹੁਤ ਸਾਰੇ ਸ਼ਾਹੀ ਖਾਨਦਾਨਾਂ ਦਾ ਪੁਰਖਾ ਸੀ। ਉਤਪਤ ਦੀ ਕਿਤਾਬ ਨੇ ਇਸ ਵਾਇਦੇ ਦੀ ਪ੍ਰਗਤੀਸ਼ੀਲ ਪੂਰਤੀ ਨੂੰ ਅਦੋਮ ਦੇ ਰਾਜਿਆਂ ਅਤੇ ਸਰਦਾਰਾਂ (36:9-43) ਅਤੇ ਭਵਿੱਖ ਦੇ ਸ਼ਾਸਕ (ਜਾਂ ਸ਼ਾਸਕਾਂ) ਦੇ ਦੁਆਰਾ ਯਹੂਦਾਹ ਦਾ "ਰਾਜ ਡੰਡਾ" ਵਿਚ ਪਰਗਟ ਕਰਦੀ ਹੈ 49:10.

**ਆਇਤ 7.** ਅਗਲਾ, ਪਰਮੇਸ਼ੁਰ ਨੇ ਪੁਸ਼ਟੀ ਕੀਤੀ ਕਿ ਉਹ ਆਪਣਾ **ਨੇਮ** ਅਬਰਾਹਾਮ ਅਤੇ ਉਸ ਦੀ **ਅੰਸ ਦੇ . . . ਉਨ੍ਹਾਂ ਦੀਆਂ ਪੀੜ੍ਹੀਆਂ ਤੀਕ ਇੱਕ ਅਨੰਤ ਨੇਮ ਕਰਕੇ ਬੰਨ੍ਹਾਂਗਾ**। ਇਸ ਨੇਮ ਦਾ ਇੱਕ ਮਹੱਤਵਪੂਰਣ ਲੱਛਣ ਉਹ ਗੂੜ੍ਹ ਸੰਬੰਧ ਸੀ ਜੋ ਉਨ੍ਹਾਂ ਦਾ **ਪਰਮੇਸ਼ੁਰ** ਹੋਣ ਦੇ ਨਾਤੇ ਯਹੋਵਾਹ ਦਾ ਉਨ੍ਹਾਂ ਦੇ ਨਾਲ ਸੀ। ਨੂਹ ਦੇ ਨਾਲ ਬੰਨ੍ਹੇ ਗਏ ਨੇਮ ਦੀ ਤੁਲਨਾ ਵਿਚ, ਜੋ ਵਿਸ਼ਵਵਿਆਪੀ "ਸਾਰੇ ਜੀਉਂਦੇ ਪ੍ਰਾਣੀਆਂ," "ਸਾਰੇ ਸਰੀਰਾਂ" ਅਤੇ "ਸਾਰੇ ਜੀਉਂਦੇ ਪ੍ਰਾਣੀਆਂ ਦੇ ਸਰੀਰਾਂ" ਦੇ ਨਾਲ ਹੈ ਵਿਸ਼ਵ-ਵਿਆਪੀ ਸੀ (9:9-12, 15, 16), ਅਬਰਾਹਾਮ ਦੇ ਨਾਲ ਨੇਮ ਸਿਰਫ ਸਾਰਾਹ ਦੇ ਦੁਆਰਾ ਪੈਦਾ ਹੋਣ ਵਾਲੀ ਉਸ ਦੀ **ਅੰਸ** ਦੇ ਨਾਲ ਸੀ। ਜਿਉਂ ਹੀ ਉਤਪਤ ਦੇ ਵਿਚ ਇਹ ਕਹਾਣੀ ਵਿਕਸਿਤ ਹੁੰਦੀ ਹੈ, ਇਹ ਵਾਇਦਾ ਇਸਹਾਕ ਅਤੇ ਯਾਕੂਬ ਦੇ ਰਾਹੀਂ ਪਰਿਵਾਰ ਦੀ ਇੱਕ ਸ਼ਾਖਾ ਨੂੰ ਛੋਟਾ ਕਰਦਾ ਹੈ। ਹਾਜਰਾ ਅਤੇ ਕਟੂਰਾਹ ਦੇ ਦੁਆਰਾ ਹੋਏ ਅਬਰਾਹਾਮ ਦੇ ਬੱਚਿਆਂ ਦੇ ਨਾਲ, ਏਸਾਓ ਦੀ ਅੰਸ ਨੂੰ ਬਾਹਰ ਕੱਢ ਦਿੱਤਾ ਗਿਆ ਸੀ।

**ਆਇਤ 8.** ਯਹੋਵਾਹ ਨੇ ਆਪਣੇ ਨਵੀਨੀਕਰਣ ਭਾਸ਼ਣ ਵਿਚ ਇਸ ਗੱਲ ਦਾ ਵਾਇਦਾ ਕੀਤਾ ਸੀ ਕਿ ਮੈਂ ਅਬਰਾਹਾਮ ਨੂੰ [ਉਸ ਦੇ] **ਵੱਸਣ ਦੀ ਏਹ ਸਾਰੀ ਧਰਤੀ**, ਜਿਸ ਦਾ ਨਾਮ, **ਕਨਾਨ ਦੀ ਸਾਰੀ ਧਰਤੀ ਦਿਆਂਗਾ**। ਇਹ ਬਰਕਤ ਸਿਰਫ ਉਸੇ ਦੇ ਲਈ ਹੀ ਨਹੀਂ ਸੀ, ਪਰ ਉਸ ਦੀ **ਅੰਸ**

ਦੇ ਲਈ **ਸਦਾ ਦੀ ਮਿਲਖ** ਸੀ। ਅੰਤ ਵਿਚ, ਪ੍ਰਭੂ ਨੇ ਅਬਰਾਹਾਮ ਅਤੇ ਉਸ ਦੀ ਅੰਸ ਦੇ ਨਾਲ ਇੱਕ ਨਿਜੀ ਰਿਸ਼ਤੇ ਦੇ ਵਾਇਦੇ ਨੂੰ ਦੁਹਰਾਇਆ; ਉਹ **ਉਨ੍ਹਾਂ ਦਾ ਪਰਮੇਸ਼ੁਰ** ਹੋਣਾ ਚਾਹੁੰਦਾ ਸੀ। ਇਨ੍ਹਾਂ ਵਾਇਦਿਆਂ "ਅਨੰਤ ਨੇਮ" (17:7) ਅਤੇ "ਕਨਾਨ ਦੀ ਸਾਰੀ ਧਰਤੀ" "ਸਦਾ ਦੀ ਮਿਲਖ" ਨੂੰ ਯਹੂਦੀਆਂ ਦੇ ਨਾਲ ਬੇਸ਼ਰਤ, ਅਟਲ ਅਤੇ ਅਨੰਤ ਵਾਇਦਿਆਂ ਦੇ ਰੂਪ ਵਿਚ ਗਲਤ ਸਮਝਿਆ ਜਾਂਦਾ ਰਿਹਾ ਹੈ। ਹਾਲਾਂਕਿ, ਅਸੀਂ "ਅਨੰਤ" (עוֹלָם, *ਓਲਾਮ)* ਦਾ ਅਰਥ ਅਕਸਰ ਸਿਰਫ ਇੱਕ "ਯੁੱਗ" ਹੁੰਦਾ ਹੈ। ਅਜਿਹੀ ਮਿਆਦ ਤਿੰਨ ਦਿਨ ਤੱਕ ਛੋਟੀ ਹੋ ਸਕਦੀ ਹੈ,[8] ਜਾਂ ਇਹ ਇੱਕ ਉਮਰ ਭਰ ਹੋ ਸਕਦੀ ਹੈ[9] ਜਾਂ ਸਮੇਂ ਦਾ ਇੱਕ ਅਨਿਸ਼ਚਤ ਕਾਲ, ਇਹ ਪ੍ਰਸੰਗ ਤੇ ਨਿਰਭਰ ਕਰਦਾ ਹੈ। ਨਵੇਂ ਨੇਮ ਵਿਚ ਸਪੱਸ਼ਟ ਤੌਰ ਤੇ ਇਹ ਸਿਖਾਇਆ ਗਿਆ ਹੈ ਕਿ ਸਰੀਰਕ ਰੂਪ ਵਿਚ ਇਸਰਾਈਲੀ ਲੋਕਾਂ ਦੇ ਨਾਲ ਪਰਮੇਸ਼ੁਰ ਦਾ ਸੰਬੰਧ ਖਤਮ ਹੋ ਗਿਆ ਹੈ। ਅੱਜ ਪਰਮੇਸ਼ੁਰ ਦੇ ਲੋਕ "ਸ਼ਰਾ ਦੇ ਹੇਠ ਨਹੀਂ" ਹਨ, ਜਿਸ ਦਾ ਅਰਥ ਹੈ ਮੂਸਾ ਦੀ ਸ਼ਰਾ (ਰੋਮੀਆਂ 6:14; 7:4, 6)। ਮਸੀਹੀ ਲੋਕ ਯਿਸੂ ਦੀ ਪ੍ਰਾਸ਼ਚਿਤ ਰੂਪੀ ਮੌਤ ਦੇ ਦੁਆਰਾ ਨਵੇਂ ਨੇਮ ਦੇ ਵਿਚ ਹਿੱਸਾ ਲੈਂਦੇ ਹਨ, ਅਤੇ ਪੁਰਾਣਾ ਨੇਮ ਨਿਸਫਲ ਹੋ ਜਾਂਦਾ ਹੈ (ਇਬਰਾਨੀਆਂ 7:22-25; 8:6-13; 9:11-17; 10:9, 10)। ਮਸੀਹੀ ਮਾਮਲਿਆਂ ਵਿਚ, ਜਾਤ-ਪਾਤ ਦੇ ਭੇਦ-ਭਾਵ ਅਪ੍ਰਸੰਗਿਕ ਹਨ। ਇੰਜੀਲ ਦਾ ਸੰਦੇਸ਼ ਸਭ ਕੌਮਾਂ ਦੇ ਲਈ ਹੈ (ਮੱਤੀ 28:18-20; ਮਰਕੁਸ 16:15, 16), ਅਤੇ ਜੋ ਲੋਕ ਵਿਸ਼ਵਾਸ ਅਤੇ ਬਪਤਿਸਮੇ ਦੇ ਦੁਆਰਾ ਮਸੀਹ ਵਿਚ ਪ੍ਰਵੇਸ਼ ਕਰਦੇ ਹਨ ਉਹ "ਅਬਰਾਹਾਮ ਦੀ ਅੰਸ ਅਤੇ ਬਚਨ ਦੇ ਅਨੁਸਾਰ ਅਧਕਾਰੀ ਹੁੰਦੇ ਹਨ" (ਗਲਾਤੀਆਂ 3:26, 27, 29)।

## ਨੇਮ ਦਾ ਚਿੰਨ੍ਹ:ਸੁੰਨਤ (17:9-14)

**9ਪਰਮੇਸ਼ੁਰ ਨੇ ਅਬਰਾਹਾਮ ਨੂੰ ਆਖਿਆ ਤੂੰ ਮੇਰੇ ਨੇਮ ਦੀ ਪਾਲਣਾ ਕਰ ਤੂੰ ਅਰ ਤੇਰੇ ਪਿੱਛੋਂ**
**ਤੇਰੀ ਅੰਸ ਉਨ੍ਹਾਂ ਦੀਆਂ ਪੀੜ੍ਹੀਆਂ ਤਾਈਂ। 10ਇਹ ਮੇਰਾ ਨੇਮ ਮੇਰੇ ਅਰ ਤੁਹਾਡੇ ਅਰ ਤੇਰੇ ਪਿੱਛੋਂ**
**ਤੇਰੀ ਅੰਸ ਵਿੱਚ ਹੈ ਜਿਸ ਦੀ ਤੁਸੀਂ ਪਾਲਣਾ ਕਰੋ। ਤੁਹਾਡੇ ਵਿੱਚੋਂ ਹਰ ਇੱਕ ਨਰ ਦੀ ਸੁੰਨਤ**
**ਕੀਤੀ ਜਾਵੇ। 11ਤੁਸੀਂ ਆਪਣੇ ਬਦਨ ਦੀ ਖੱਲੜੀ ਦੀ ਸੁੰਨਤ ਕਰਾਓ ਅਤੇ ਇਹ ਮੇਰੇ ਅਰ ਤੁਹਾਡੇ**
**ਵਿੱਚ ਇੱਕ ਨੇਮ ਦਾ ਨਿਸ਼ਾਨ ਹੋਵੇਗਾ। 12ਤੁਹਾਡੇ ਵਿੱਚ ਹਰ ਇੱਕ ਅੱਠਾਂ ਦਿਨਾਂ ਦੇ ਨਰ ਦੀ ਸੁੰਨਤ**
**ਪੀੜ੍ਹੀਓਂ ਪੀੜ੍ਹੀ ਕੀਤੀ ਜਾਵੇ ਭਾਵੇਂ ਉਹ ਤੇਰਾ ਘਰਜੰਮ ਭਾਵੇਂ ਉਹ ਕਿਸੇ ਪਰਦੇਸੀ ਤੋਂ ਜੋ ਤੇਰੀ**
**ਅੰਸ ਦਾ ਨਹੀਂ ਹੈ ਚਾਂਦੀ ਨਾਲ ਲਿਆ ਹੋਇਆ ਹੋਵੇ। 13ਤੇਰੇ ਘਰਜੰਮ ਦੀ ਅਤੇ ਚਾਂਦੀ ਨਾਲ ਲਏ**
**ਹੋਏ ਦੀ ਸੁੰਨਤ ਜ਼ਰੂਰ ਕੀਤੀ ਜਾਵੇ ਸੋ ਮੇਰਾ ਨੇਮ ਤੁਹਾਡੇ ਮਾਸ ਵਿੱਚ ਇੱਕ ਅਨੰਤ ਨੇਮ ਹੋਵੇਗਾ।**
**14ਪਰ ਜੋ ਨਰ ਬੇਸੁੰਨਤਾ ਰਹੇ ਅਰ ਜਿਸ ਦੀ ਸੁੰਨਤ ਉਸ ਦੇ ਬਦਨ ਦੀ ਖੱਲੜੀ ਵਿੱਚ ਨਾ ਕੀਤੀ**
**ਗਈ ਹੋਵੇ ਉਹ ਪ੍ਰਾਣੀ ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇਗਾ। ਉਸ ਮੇਰੇ ਨੇਮ ਨੂੰ ਭੰਨਿਆ ਹੈ।**

**ਆਇਤ 9. ਤੂੰ** ਨੇਮ ਨਾਲ ਜੁੜੀਆਂ ਜ਼ਿੰਮੇਵਾਰੀਆਂ ਦੀ ਦੂਜੀ ਵੰਡ ਨੂੰ ਦਰਸਾਉਂਦਾ ਹੈ (ਵੇਖੋ 17:4, 15)। 17:1-8 ਵਿਚ, **ਪਰਮੇਸ਼ੁਰ ਨੇ** "ਮੈਂ ਕਰਾਂਗਾ" ਦੀ ਇੱਕ ਲੜੀ ਦਿੱਤੀ ਹੈ; ਪਰ ਇੱਥੇ ਅਬਰਾਹਾਮ ਕਿਸੇ ਵਸਤੂ ਦੀ ਬਜਾਇ ਕਿਰਿਆਵਾਂ ਦਾ ਇੱਕ ਵਿਸ਼ਾ ਬਣ ਗਿਆ ਹੈ। ਭਾਵੇਂ ਪ੍ਰਭੂ ਨੇ ਆਪਣੇ ਪ੍ਰੇਮ ਅਤੇ ਕਿਰਪਾ ਦੇ ਨਾਲ ਇਸ ਨੇਮ ਨੂੰ ਸ਼ੁਰੂ ਕੀਤਾ ਸੀ, ਪਰ ਸਰਵਸ਼ਕਤੀਮਾਨ ਦੇ ਨਾਲ ਇਸ ਵਿਸ਼ੇਸ਼ ਰਿਸ਼ਤੇ ਵਿਚ ਹਿੱਸਾ ਲੈਣ ਵਾਲਿਆਂ ਦੇ ਰੂਪ ਵਿਚ, ਉਸ ਨੂੰ ਪੁਰਖੇ ਅਤੇ ਉਸ ਦੀ ਅੰਸ ਦੀ ਵੱਲੋਂ ਆਗਿਆਕਾਰੀ ਦੀ ਪ੍ਰਤਿਕਿਰਿਆ ਦੀ ਉਮੀਦ ਸੀ। ਉਨ੍ਹਾਂ ਦੇ ਲਈ ਪਰਮੇਸ਼ੁਰ ਦਾ ਹੁਕਮ ਸਿਰਫ ਇਹ ਸੀ ਕਿ ਉਹ [ਮੇਰੇ] **ਨੇਮ ਦੀ ਪਾਲਣਾ ਕਰਨ**; ਪਰ ਉਸ ਨੇ ਅਜੇ ਇਸ ਗੱਲ ਦਾ ਬਿਓਰਾ ਦੇਣਾ ਸੀ ਕਿ ਇਸ ਹੁਕਮ ਦਾ ਅਰਥ ਕੀ ਹੈ।

**ਆਇਤਾਂ 10, 11.** ਯਹੋਵਾਹ ਨੇ ਦੁਹਰਾਇਆ ਕਿ **ਨੇਮ** ਵਿਚ ਅਬਰਾਹਾਮ ਅਤੇ ਉਸ ਦੀ **ਅੰਸ** ਸ਼ਾਮਲ ਹੈ। ਨੇਮ ਦਾ ਮੁੱਖ ਹੁਕਮ ਇਹ ਸੀ ਕਿ ਅਬਰਾਹਾਮ ਦੇ ਘਰ ਵਿਚ ਜੰਮੇ **ਹਰ ਇੱਕ ਨਰ ਦੀ ਸੁੰਨਤ ਕੀਤੀ ਜਾਵੇ। ਬਦਨ ਦੀ ਖੱਲੜੀ ਦੀ ਸੁੰਨਤ** ਸਰਵਸ਼ਕਤੀਮਾਨ ਦੇ ਨਾਲ **ਨੇਮ ਦਾ ਨਿਸ਼ਾਨ** ਹੋਵੇਗਾ। ਭਵਿੱਖ ਵਿਚ ਆਉਣ ਵਾਲੀਆਂ ਸਾਰੀਆਂ ਅੰਸਾਂ ਨੂੰ ਸੁੰਨਤ ਦੇ ਅਧੀਨ ਰਹਿਣਾ ਅਤੇ ਇਸ ਨਿਸ਼ਾਨ ਨੂੰ ਆਪਣੇ ਸਰੀਰ ਵਿਚ ਗ੍ਰਹਿਣ ਕਰਨਾ ਸੀ।

ਸੁੰਨਤ ਦੇ ਸੰਸਕਾਰ ਦੀ ਉਤਪਤੀ ਅਗਿਆਤ ਹੈ, ਪਰ ਪੁਰਾਰਤੱਵ ਖੁਦਾਈਆਂ ਨੇ ਸੁੰਨਤ ਕੀਤੇ ਸੀਰੀਆਈ ਯੋਧਿਆਂ ਦੇ ਚਿੱਤਰਾਂ ਦਾ ਖੁਲਾਸਾ ਕੀਤਾ ਹੈ ਜੋ ਤੀਸਰੇ ਮਿਲੇਨਿਯਮ ਈ.ਪੂ. ਪੁਰਾਣੇ ਹਨ।[10] ਇਸ ਸੰਸਕਾਰ ਦਾ ਸਭ ਤੋਂ ਪੁਰਾਣਾ ਸਬੂਤ ਤੇਈਵੀਂ ਸਦੀ ਈ.ਪੂ. ਵਿਚ ਇੱਕ ਸਟੀਲ ਵਿਚ ਸਾਹਮਣੇ ਆਇਆ ਜੋ 120 ਲੋਕਾਂ ਦੀ ਸੁੰਨਤ ਦਾ ਵਰਣਨ ਕਰਦਾ ਹੈ।[11] ਕੁਝ ਕਨਾਨੀ ਅਤੇ ਅਰਬੀ ਸਮੂਹ ਵੀ ਸੁੰਨਤ ਦਾ ਅਭਿਆਸ ਕਰਨ ਦੇ ਲਈ ਜਾਣੇ ਜਾਂਦੇ ਹਨ (ਯਿਰਮਿਯਾਹ 9:25, 26), ਜਦਕਿ ਮਸੋਪੋਤਾਮੀਆ ਦੇ ਲੋਕ (ਅਬਰਾਹਾਮ ਦੇ ਮੂਲ ਪਰਿਵਾਰ) ਅਤੇ ਫਲਿਸਤੀਨ (ਯੂਨਾਨੀ ਦੀਪਾਂ) ਦੇ ਲੋਕ ਨਹੀਂ ਕਰਦੇ ਸਨ (ਨਿਆਈਆਂ 15:18; 1 ਸਮੂਏਲ 17:26, 36)। ਕੁਝ ਮੁਢਲੇ ਸਬੂਤਾਂ ਤੋਂ ਇਹ ਪਤਾ ਲੱਗਦਾ ਹੈ ਕਿ ਦੁਸ਼ਟਾਤਮਾਵਾਂ ਨੂੰ ਰੋਕਣ ਦੇ ਲਈ ਸੁੰਨਤ ਕੀਤੀ ਜਾਂਦੀ ਸੀ, ਜਵਾਨੀ ਦੀ ਉਮਰ ਦੇ ਪ੍ਰਦਰਸ਼ਣ, ਜਾਂ ਵਿਆਹ ਦੀ ਤਿਆਰੀ ਦੇ ਰੂਪ ਵਿਚ ਇਸ ਨੂੰ ਇੱਕ ਸੰਸਕਾਰ ਦੇ ਰੂਪ ਵਿਚ ਕੀਤਾ ਜਾਂਦਾ ਸੀ।[12]

ਅਬਰਾਹਾਮ ਅਤੇ ਉਸ ਦੀ ਅੰਸ ਦੇ ਲਈ, ਹਾਲਾਂਕਿ, ਇਹ ਯਹੋਵਾਹ ਦੇ ਨਾਲ ਇੱਕ ਆਤਮਿਕ ਸੰਬੰਧ ਦੇ ਰੂਪ ਵਿਚ ਇਸ ਦਾ ਧਾਰਮਿਕ ਮਹੱਤਵ ਹੋਵੇਗਾ। ਕਿਉਂਕਿ ਹੋਰਨਾਂ ਰਾਸ਼ਟਰਾਂ ਨੇ ਸੁੰਨਤ ਕਰਵਾਈ ਅਤੇ ਕੱਪੜੇ ਆਦਮੀਆਂ ਦੇ ਗੁਪਤ ਅੰਗਾਂ ਨੂੰ ਢੱਕਦੇ ਸਨ, ਇਸ ਲਈ ਇਹ ਨਿਸ਼ਾਨ ਬਾਹਰੀ ਨਹੀਂ ਸੀ ਕਿ ਬਾਹਰੀ ਲੋਕ ਉਸ ਨੂੰ ਵੇਖ ਸਕਣ। ਇਹ ਅਜੀਬ ਲੱਗ ਸਕਦਾ ਹੈ, ਕਿਉਂਕਿ ਉਤਪਤ ਦੀ ਕਿਤਾਬ ਵਿਚ ਜਿਹੜੇ ਨਿਸ਼ਾਨ ਪਹਿਲਾਂ ਪਰਮੇਸ਼ੁਰ ਦੇ ਦੁਆਰਾ ਦਿੱਤੇ ਗਏ ਸਨ ਉਹ ਲੋਕਾਂ ਦੇ ਸਾਹਮਣੇ ਉਜਾਗਰ ਸਨ; ਇਨ੍ਹਾਂ ਵਿਚ 1:14 ਵਿਚ ਸਵਰਗੀ ਜੋਤਾਂ, 4:15 ਵਿਚ ਕਇਨ ਦਾ ਨਿਸ਼ਾਨ ਅਤੇ 9:8-17 ਧਣੁਕ ਦਾ ਨਿਸ਼ਾਨ। ਬੇਸ਼ੱਕ ਪਰਮੇਸ਼ੁਰ ਨੇ ਸੁੰਨਤ ਦਾ ਹੁਕਮ ਇੱਕ ਖਾਸ ਸੰਕੇਤ ਦੇ ਰੂਪ ਵਿਚ ਦਿੱਤਾ ਸੀ ਤਾਂ ਕਿ ਇਸ ਦੇ ਦੁਆਰਾ ਸੁੰਨਤੀ ਦਾ ਲਾਭ ਹੋ ਸਕੇ। ਹਰ ਵਾਰ ਜਦੋਂ ਉਸ ਨੂੰ ਆਪਣੇ ਸਰੀਰ ਦੇ ਵਿਸ਼ੇ ਵਿਚ ਚੇਤੰਨਤਾ ਹੁੰਦੀ ਸੀ, ਉਸ ਨੂੰ ਯਾਦ ਦਿਵਾਇਆ ਗਿਆ ਸੀ ਕਿ ਉਹ ਪਰਮੇਸ਼ੁਰ ਦੇ ਨੇਮ-ਬੱਧ ਲੋਕਾਂ ਵਿਚੋਂ ਇੱਕ ਸੀ। ਸੁੰਨਤ ਉਨ੍ਹਾਂ ਦੇ ਸਰੀਰ ਵਿਚ ਇੱਕ ਨਿਸ਼ਾਨ ਸੀ ਕਿ ਉਹ ਕਿਹੜੇ ਲੋਕ ਸਨ:ਯਹੋਵਾਹ ਦੇ ਦੁਆਰਾ ਚੁਣੇ ਹੋਏ, ਬੁਲਾਏ ਹੋਏ, ਬਰਕਤ ਪਾਏ ਹੋਏ, ਅਤੇ ਇੱਕ ਰੱਬੀ ਭਾਗ ਪਾਏ ਹੋਏ ਲੋਕ ਸਨ।

**ਆਇਤਾਂ 12, 13.** ਸੁੰਨਤ ਸੰਬੰਧੀ ਨੇਮ ਇਹ ਸੀ ਕਿ **ਹਰ ਨਰ** ਬੱਚੇ ਦੀ ਸੁੰਨਤ ਉਸ ਸਮੇਂ ਕੀਤੀ ਜਾਂਦੀ ਸੀ ਜਦੋਂ ਉਹ **ਅੱਠਾਂ ਦਿਨਾਂ** ਦਾ ਹੁੰਦਾ ਸੀ (ਵੇਖੋ 21:4)। ਇਸ ਹੁਕਮ ਵਿਚ ਉਹ ਸਾਰੇ ਨਰ ਬੱਚੇ ਸ਼ਾਮਲ ਸਨ ਜੋ [ਅਬਰਾਹਾਮ] ਦੇ **ਘਰਜੰਮ** ਸਨ, ਭਾਵੇਂ ਉਹ ਅਜ਼ਾਦ ਸਨ ਜਾਂ ਗੁਲਾਮਾਂ ਦੇ ਪੁੱਤਰ ਸਨ। ਜੇਕਰ ਅਬਰਾਹਾਮ ਦੀ ਸੰਤਾਨ ਨੇ ਇੱਕ **ਪਰਦੇਸੀ** ਤੋਂ ਇੱਕ ਨਰ ਖਰੀਦਿਆ ਹੋਵੇ, ਤਾਂ ਸੌਦਾ ਪੂਰਾ ਹੋਣ ਜਾਣ ਤੋਂ ਬਾਅਦ ਉਸ ਦੀ **ਸੁੰਨਤ** ਕਰਵਾਈ ਜਾਂਦੀ ਸੀ ਤਾਂ ਕਿ ਉਹ ਘਰ ਵਿਚ ਸ਼ਾਮਲ ਹੋ ਸਕੇ। ਸੁੰਨਤ ਦਾ **ਨੇਮ** ਇੱਕ **ਅਨੰਤ ਨੇਮ** ਸੀ (17:8 ਤੇ ਟਿੱਪਣੀਆਂ ਵੇਖੋ)।

**ਆਇਤ 14.** ਆਪਣੇ ਹੁਕਮ ਦੀ ਮਹੱਤਤਾ ਨੂੰ ਦਰਸਾਉਣ ਦੇ ਲਈ, ਯਹੋਵਾਹ ਨੇ ਕਿਹਾ ਕਿ ਉਹ ਇੱਕ ਘਰ ਵਿਚ **ਜੋ ਨਰ ਬੇਸੁੰਨਤਾ ਰਹੇ ਉਹ ਉਸ ਨੂੰ ਨੇਮ** ਨੂੰ ਬੁਰੀ ਤਰ੍ਹਾਂ ਦੇ ਨਾਲ ਭੰਗ ਕਰਨ ਵਾਲੇ ਦੇ ਰੂਪ ਵਿਚ ਵੇਖੇਗਾ। ਬਾਲਗ ਪੁਰਖਾਂ ਦੇ ਲਈ ਜੋ ਸੁੰਨਤ ਦੇ ਅਧੀਨ ਹੋ ਸਕਦੇ

ਸਨ, ਗੰਭੀਰ ਸਿੱਟਿਆਂ ਦੀ ਇੱਕ ਚੇਤਾਵਨੀ ਸ਼ਾਮਲ ਸੀ: **ਉਹ ਪ੍ਰਾਣੀ ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇਗਾ।** ਕੁਝ ਵਿਆਖਿਆ ਕਰਨ ਵਾਲਿਆਂ ਦਾ ਕਹਿਣਾ ਹੈ ਕਿ "ਛੇਕਿਆ ਜਾਵੇਗਾ" (כָּרַת, *ਕਰਥ)* ਦਾ ਅਰਥ ਸਿਰਫ ਆਪਣੇ ਸਮਾਜ ਤੋਂ ਵੱਖਰਾ ਹੋਣਾ ਸੀ, ਪਰ ਅਜਿਹਾ ਦ੍ਰਿਸ਼ਟੀਕੋਣ ਯਕੀਨੀ ਨਹੀਂ ਹੈ। ਇੱਕ ਪਰਦੇਸੀ ਨਰ ਜੋ ਇੱਕ ਗ਼ੁਲਾਮ ਦੇ ਰੂਪ ਵਿਚ ਇੱਕ ਇਸਰਾਈਲੀ ਦੇ ਘਰ ਵਿਚ ਵੇਚਿਆ ਗਿਆ ਸੀ ਤਾਂ ਉਹ ਪਹਿਲਾਂ ਤੋਂ ਹੀ "ਆਪਣੇ ਲੋਕਾਂ ਤੋਂ ਛੇਕਿਆ [ਵੱਖਰਾ] ਹੋਇਆ ਹੁੰਦਾ ਸੀ।" ਆਮ ਤੌਰ ਤੇ, "ਛੇਕੇ ਜਾਣ" ਦਾ ਅਰਥ ਮੌਤ ਦੀ ਸਜ਼ਾ ਹੁੰਦਾ ਸੀ, ਭਾਵੇਂ ਉਹ ਮਨੁੱਖ ਦੇ ਰਾਹੀਂ ਜਾਂ ਪਰਮੇਸ਼ੁਰ ਦੇ ਦੁਆਰਾ ਦਿੱਤੀ ਜਾਵੇ (ਲੇਵੀਆਂ 18:29; 19:8; 20:3, 5, 6, 17, 18; 1 ਸਮੂਏਲ 28:9; 1 ਰਾਜਿਆਂ 11:16)। ਇਸ ਬਾਅਦ ਦੇ ਵਿਚਾਰ ਦਾ ਸਬੂਤ ਵਾਕਾਂ ਦੇ ਵਿਚ ਵੇਖਿਆ ਗਿਆ ਹੈ ਜਿੱਥੇ *ਕਾਰਥ* ਹੋਰ ਸ਼ਬਦਾਂ ਦੇ ਨਾਲ ਜੁੜਿਆ ਹੋਇਆ ਹੈ ਅਤੇ ਸਪੱਸ਼ਟ ਤੌਰ ਤੇ ਮੌਤ ਦੀ ਸਜ਼ਾ ਦੇ ਰੂਪ ਵਿਚ ਕਿਹਾ ਗਿਆ ਹੈ (ਕੂਚ 31:14; ਲੇਵੀਆਂ 20:2-5; 23:29, 30; ਹਿਜ਼ਕੀਏਲ 14:8, 9)। ਫਿਰ, ਹਰ ਇੱਕ ਨਰ ਦੇ ਲਈ ਜੋ ਇੱਕ ਇਸਰਾਈਲੀ ਪਰਿਵਾਰ ਦਾ ਹਿੱਸਾ ਬਣ ਗਿਆ ਸੀ ਕਿ ਉਸ ਨੂੰ ਨੇਮ ਦੇ ਗੰਭੀਰ ਸੁਭਾਅ ਦੇ ਵਿਸ਼ੇ ਵਿਚ ਨਿਰਦੇਸ਼ ਦਿੱਤੇ ਜਾਣ। ਸੁੰਨਤ ਦੇ ਮਰਨ-ਅਤੇ-ਜੀਉਣ ਦੇ ਮੁੱਦੇ ਨੇ ਇੱਕ ਸੱਚੇ ਪਰਮੇਸ਼ੁਰ ਦੇ ਨਾਲ ਰਿਸ਼ਤੇ ਅਤੇ ਉਸ ਦਾ ਆਦਰ ਕਰਨ ਦੇ ਮਹੱਤਵ ਨੂੰ ਇੱਕ ਸਰੀਰਕ ਚਿੰਨ੍ਹ ਦੇ ਰੂਪ ਵਿਚ ਵਿਖਾਇਆ।

## ਸਾਰਈ ਦਾ ਨਵਾਂ ਨਾਮ ਅਤੇ ਇਸਹਾਕ ਦਾ ਵਾਇਦਾ (17:15-22)

**15ਫੇਰ ਪਰਮੇਸ਼ੁਰ ਨੇ ਅਬਰਾਹਾਮ ਨੂੰ ਆਖਿਆ, ਸਾਰਈ ਜੋ ਤੇਰੀ ਪਤਨੀ ਹੈ ਤੂੰ ਉਹ ਦਾ
ਨਾਉਂ ਸਾਰਈ ਨਾ ਆਖੀਂ ਸਗੋਂ ਉਹ ਦਾ ਨਾਉਂ ਸਾਰਾਹ ਹੋਵੇਗਾ। 16ਮੈਂ ਉਹ ਨੂੰ ਅਸੀਸ ਦਿਆਂਗਾ
ਅਤੇ ਮੈਂ ਤੈਨੂੰ ਉਸ ਤੋਂ ਇੱਕ ਪੁੱਤ੍ਰ ਵੀ ਦਿਆਂਗਾ। ਮੈਂ ਉਹ ਨੂੰ ਅਸੀਸ ਦਿਆਂਗਾ ਅਤੇ ਉਹ ਕੌਮਾਂ ਦੀ
ਮਾਤਾ ਹੋਵੇਗੀ ਅਤੇ ਉੱਮਤਾਂ ਦੇ ਰਾਜੇ ਉਸ ਤੋਂ ਹੋਣਗੇ। 17ਤਾਂ ਅਬਰਾਹਾਮ ਆਪਣੇ ਮੂੰਹ ਭਾਰ ਡਿੱਗ
ਪਿਆ ਪਰ ਉਹ ਹੱਸਿਆ ਅਤੇ ਆਪਣੇ ਮਨ ਵਿੱਚ ਆਖਿਆ, ਭਲਾ, ਸੌ ਵਰਿਹਾਂ ਦੇ ਜਨ ਤੋਂ ਪੁੱਤ੍ਰ
ਹੋਊਗਾ? ਅਰ ਸਾਰਾਹ ਜੋ ਨੱਬੇ ਵਰਿਹਾਂ ਦੀ ਹੈ ਪੁੱਤ੍ਰ ਜਣੇਗੀ? 18ਤਾਂ ਅਬਰਾਹਾਮ ਨੇ ਪਰਮੇਸ਼ੁਰ
ਨੂੰ ਆਖਿਆ, ਇਸਮਾਏਲ ਹੀ ਤੇਰੇ ਹਜ਼ੂਰ ਜੀਉਂਦਾ ਰਹੇ। 19ਪਰ ਪਰਮੇਸ਼ੁਰ ਨੇ ਆਖਿਆ, ਸਾਰਾਹ
ਤੇਰੀ ਪਤਨੀ ਜ਼ਰੂਰ ਤੇਰੇ ਲਈ ਇੱਕ ਪੁੱਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਉਂ ਇਸਹਾਕ ਰੱਖੀਂ ਅਤੇ
ਮੈਂ ਆਪਣਾ ਨੇਮ ਉਹ ਦੇ ਨਾਲ ਅਰ ਉਹ ਦੇ ਪਿੱਛੋਂ ਉਹ ਦੀ ਅੰਸ ਨਾਲ ਇੱਕ ਅਨੰਤ ਨੇਮ ਕਰਕੇ
ਕਾਇਮ ਕਰਾਂਗਾ। 20ਨਾਲੇ ਇਸਮਾਏਲ ਲਈ ਵੀ ਮੈਂ ਤੇਰੀ ਸੁਣੀ। ਵੇਖ ਮੈਂ ਉਹ ਨੂੰ ਅਸੀਸ ਦਿੱਤੀ
ਹੈ ਤੇ ਮੈਂ ਉਹ ਨੂੰ ਫਲਵੰਤ ਬਣਾਵਾਂਗਾ ਅਰ ਹੱਦੋਂ ਬਾਹਲਾ ਵਧਾਵਾਂਗਾ। ਉਸ ਤੋਂ ਬਾਰਾਂ ਸ਼ਜ਼ਾਦੇ
ਜੰਮਣਗੇ ਅਰ ਮੈਂ ਉਹ ਨੂੰ ਇੱਕ ਵੱਡੀ ਕੌਮ ਬਣਾਵਾਂਗਾ। 21ਪਰ ਆਪਣਾ ਨੇਮ ਮੈਂ ਇਸਹਾਕ ਨਾਲ
ਹੀ ਕਾਇਮ ਕਰਾਂਗਾ ਜਿਹ ਨੂੰ ਸਾਰਾਹ ਏਸੇ ਰੁੱਤੇ ਆਉਂਦੇ ਵਰਹੇ ਤੇਰੇ ਲਈ ਜਣੇਗੀ। 22ਜਾਂ ਉਹ
ਉਸ ਦੇ ਨਾਲ ਗੱਲ ਕਰਨੋਂ ਹਟਿਆ ਤਾਂ ਪਰਮੇਸ਼ੁਰ ਅਬਰਾਹਾਮ ਕੋਲੋਂ ਉਤਾਹਾਂ ਚਲਾ ਗਿਆ।**

ਇਸ ਅਧਿਆਇ ਤੋਂ ਪਹਿਲਾਂ, ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਇੱਕ ਪੁੱਤਰ ਦਾ ਵਾਇਦਾ ਕੀਤਾ ਸੀ; ਪਰ ਉਸ ਨੇ ਸਾਰਾਹ ਦੇ ਮਾਂ ਹੋਣ ਦਾ ਕੋਈ ਉਲੇਖ ਨਹੀਂ ਦਿੱਤਾ ਸੀ। ਨਿਸ਼ਚਤ ਤੌਰ ਤੇ ਇਹੀ ਕਾਰਣ ਸੀ ਕਿ ਉਹ ਆਪਣੇ ਪਤੀ ਨੂੰ ਸਮਝਾ ਸਕੀ ਕਿ ਪ੍ਰਭੂ ਦੀ ਭਵਿੱਖਵਾਣੀ ਨੂੰ ਪੂਰਾ ਕਰਨ ਦਾ ਲਾਜ਼ਮੀ ਤਰੀਕਾ ਇਹ ਸੀ ਕਿ ਹਾਜਰਾ ਦੇ ਦੁਆਰਾ ਬੱਚੇ ਨੂੰ ਜਨਮ ਦੁਵਾਇਆ ਜਾਵੇ। ਯਹੋਵਾਹ ਨੇ 16 ਅਧਿਆਇ ਵਿਚ ਇਸ ਰਣਨੀਤਿ ਦੇ ਉੱਤੇ ਸ਼ਾਸਨ ਕੀਤਾ ਸੀ, ਅਤੇ ਇੱਥੇ ਆਉਣ

ਵਾਲੀ ਪੀੜ੍ਹੀ ਦੇ ਵਿਚ ਯਕੀਨੀ ਤੌਰ ਤੇ ਸਾਰਾਹ ਨੂੰ ਸ਼ਾਮਲ ਕੀਤਾ ਗਿਆ ਸੀ।

**ਆਇਤਾਂ 15, 16. ਸਾਰਈ** ਨੇਮ ਦੇ ਤੀਜੇ ਭਾਗ ਦਾ ਸੰਕੇਤ ਦਿੰਦਾ ਹੈ (ਵੇਖੋ 17:4, 9)। ਪਰਮੇਸ਼ੁਰ ਦੇ ਪ੍ਰਕਾਸ਼ ਨੇ ਉਸ ਦੇ ਰੱਬੀ ਵਾਇਦੇ ਸਾਰਾਹ ਨੂੰ **ਅਸੀਸ** ਦੇਣ ਅਤੇ **ਉਸ ਦੇ ਦੁਆਰਾ** [ਅਬਰਾਹਾਮ ਨੂੰ] **ਇੱਕ ਪੁੱਤ੍ਰ ਵੀ ਦਿਆਂਗਾ** ਦੇ ਦੁਆਰਾ ਇੱਕ ਨਵਾਂ ਮੋੜ ਲਿਆ। ਸਭ ਤੋਂ ਪਹਿਲਾਂ, ਪ੍ਰਭੂ ਨੇ ਪੁਰਖੇ ਨੂੰ ਦੱਸਿਆ ਕਿ ਉਸ ਦੀ ਪਤਨੀ ਦਾ ਨਾਮ ਨਵਾਂ ਹੋਣਾ ਸੀ। ਉਹ ਅਗਾਂਹ ਤੋਂ ਉਸ ਨੂੰ ਸਾਰਈ ਨਾਮ ਤੋਂ ਨਾ ਪੁਕਾਰੇ; **ਉਹ ਦਾ ਨਾਮ ਸਾਰਾਹ** ਹੋਣਾ ਸੀ। ਜਦਕਿ ਉਸ ਨੇ ਅਬਰਾਹਾਮ ਦੇ ਨਾਮ ਦੇ ਬਦਲੇ ਜਾਣ ਦੀ ਵਿਆਖਿਆ ਕੀਤੀ ਸੀ, ਪਰ ਉਸ ਦੀ ਪਤਨੀ ਦੇ ਨਾਮ ਦੇ ਬਦਲੇ ਜਾਣ ਦਾ ਉਸ ਨੇ ਕੋਈ ਵੀ ਕਾਰਣ ਨਹੀਂ ਦਿੱਤਾ ਸੀ। ਅਸਲ ਵਿਚ, "ਸਾਰਾਹ" ਸਿਰਫ "ਸਾਰਈ" ਦਾ ਇੱਕ ਅਨੁਸਾਰੀ ਸ਼ਬਦ-ਜੋੜ ਹੈ, ਜਿਸ ਦਾ ਅਰਥ ਰਾਜਕੁਮਾਰੀ ਹੈ। ਨਵਾਂ ਨਾਮ ਅਸੀਸ ਵਿਚ ਦੱਸੇ ਗਏ "ਰਾਜਿਆਂ" ਦੇ ਨਾਲ ਮੇਲ ਖਾਂਦਾ ਹੋ ਸਕਦਾ ਹੈ। ਪ੍ਰਭੂ ਦਾ ਵਾਇਦਾ ਇਹ ਸੀ ਕਿ ਉਹ **ਕੌਮਾਂ ਦੀ ਮਾਤਾ ਹੋਵੇਗੀ ਅਤੇ ਉੱਮਤਾਂ ਦੇ ਰਾਜੇ ਉਸ ਤੋਂ ਹੋਣਗੇ।**

**ਆਇਤ 17.** ਇਨ੍ਹਾਂ ਸ਼ਬਦਾਂ ਨੂੰ ਸੁਣ ਕੇ, **ਅਬਰਾਹਾਮ** ਯਹੋਵਾਹ ਦੇ ਸਾਹਮਣੇ **ਆਪਣੇ ਮੂੰਹ ਭਾਰ ਡਿੱਗ ਪਿਆ ਪਰ** ਅਵਿਸ਼ਵਾਸ ਦੇ ਕਾਰਣ **ਹੱਸਿਆ** ਕਿਉਂਕਿ ਉਸ ਨੂੰ ਇਹ ਵਾਇਦਾ ਅਣਹੋਣਾ ਲੱਗ ਰਿਹਾ ਸੀ। ਉਹ ਜਾਣਦਾ ਸੀ ਕਿ ਉਹ ਅਤੇ ਸਾਰਾਹ ਬੱਚਾ ਪੈਦਾ ਕਰਨ ਦੀ ਕੁਦਰਤੀ ਉਮਰ ਤੋਂ ਲੰਘ ਚੁੱਕੇ ਸਨ। ਇਸ ਲਈ, ਉਸ ਨੇ ਪਰਮੇਸ਼ੁਰ ਨੂੰ ਪੁੱਛਿਆ ਕਿ ਕਿਵੇਂ ਇੱਕ **ਸੌ ਵਰਿਹਾਂ ਦੇ ਜਨ ਤੋਂ** ਇੱਕ ਪੁੱਤਰ ਹੋਵੇਗਾ ਜਾਂ ਇੱਕ **ਨੱਬੇ ਵਰਿਹਾਂ** ਦੀ ਇਸਤਰੀ **ਪੁੱਤ੍ਰ** ਨੂੰ ਜਨਮ ਦੇਵੇਗੀ।

**ਆਇਤ 18.** ਅਬਰਾਹਾਮ ਨੇ ਪਰਮੇਸ਼ੁਰ ਦੇ ਸਾਹਮਣੇ ਬੇਨਤੀ ਕੀਤੀ, **ਇਸਮਾਏਲ ਹੀ ਤੇਰੇ ਹਜ਼ੂਰ ਜੀਉਂਦਾ ਰਹੇ!** ਅਸਲ ਵਿਚ, ਉਹ ਪੁੱਛ ਰਿਹਾ ਸੀ, "ਹੇ ਪ੍ਰਭੂ, ਕਿਰਪਾ ਕਰਕੇ, ਇੰਨੇ ਸਾਰੇ ਸਾਲਾਂ ਦੇ ਇੰਤਜ਼ਾਰ ਤੋਂ ਬਾਅਦ, ਕੀ ਤੁਸੀਂ ਇਸ ਸਮੱਸਿਆ ਦਾ ਉਚਿਤ ਹੱਲ ਗ੍ਰਹਿਣ ਨਹੀਂ ਕਰੋਗੇ ਅਤੇ ਮੇਰੇ ਪੁੱਤਰ ਇਸਮਾਏਲ ਨੂੰ ਚੁਣੇ ਹੋਏ ਬੀਜ ਦੇ ਰੂਪ ਵਿਚ ਸੇਵਾ ਕਰਨ ਦੀ ਇਜਾਜ਼ਤ ਨਹੀਂ ਦਿਓਗੇ ਜਿਸ ਦੇ ਦੁਆਰਾ ਤੁਸੀਂ ਆਪਣੇ ਵਾਇਦੇ ਨੂੰ ਪੂਰਾ ਕਰ ਸਕੋ?"

**ਆਇਤ 19.** ਪਰਮੇਸ਼ੁਰ ਨੇ ਅਬਰਾਹਾਮ ਦੀ ਬੇਨਤੀ ਦਾ ਉੱਤਰ ਇੱਕ ਮਜ਼ਬੂਤ ਅਤੇ ਜ਼ੋਰਦਾਰ ਤਾੜਣਾ ਦੇ ਦੁਆਰਾ ਦਿੱਤਾ: **ਪਰ** (אֲבָל, *ਅੱਬਾਲ*)।[13] ਉਸ ਨੇ ਇਸ ਬੇਨਤੀ ਨੂੰ ਠੁਕਰਾ ਦਿੱਤਾ ਕਿ ਇਸਮਾਏਲ ਵਾਇਦੇ ਦੇ ਨਿਯੁਕਤ ਰੱਬੀ ਬੱਚੇ ਦੇ ਰੂਪ ਵਿਚ ਭੂਮਿਕਾ ਨੂੰ ਨਿਭਾ ਸਕਦਾ ਹੈ ਅਤੇ 17:16 ਦੇ ਵਿਚ ਜੋ ਉਸ ਨੇ ਪਹਿਲਾਂ ਤੋਂ ਹੀ ਕਿਹਾ ਸੀ ਉਸ ਨੂੰ ਦੁਹਰਾਇਆ: ਕਿ **ਸਾਰਾਹ** ਦੇ ਦੁਆਰਾ **ਪੁੱਤ੍ਰ** ਪੈਦਾ ਹੋਵੇਗਾ। ਇਸ ਵਾਕ ਨੂੰ ਹੋਰ ਦ੍ਰਿੜ ਕਰਨ ਦੇ ਲਈ, **ਪਰਮੇਸ਼ੁਰ** ਨੇ ਅਬਰਾਹਾਮ ਨੂੰ ਕਿਹਾ ਕਿ ਉਸ ਪੁੱਤਰ ਦਾ ਨਾਮ **ਇਸਹਾਕ** (יִצְחָק, *ਯਿੱਟਸਚੈਕ*), ਜੋ "ਪਰ [ਉਹ] ਹੱਸਿਆ" (וַיִּצְחָק, *ਵੇਯਿੱਟਸਚੈਕ*) 17:17 ਵਿਚ, ਤੇ ਇੱਕ ਸ਼ਬਦ ਚਿੱਤਰ ਹੈ। ਵਾਇਦਾ ਕੀਤਾ ਹੋਇਆ ਬੱਚਾ ਇੱਕ ਅਜਿਹਾ ਨਾਮ ਪ੍ਰਾਪਤ ਕਰੇਗਾ ਜੋ ਉਸ ਦੇ ਆਉਣ ਦੇ ਸੰਬੰਧ ਉਸ ਦੇ ਪਿਤਾ ਦੇ ਅਵਿਸ਼ਵਾਸ ਦੇ ਹਾਸੇ ਦੀ ਯਾਦਗੀਰੀ ਹੋਵੇਗਾ (ਵੇਖੋ 18:12; 21:3, 6)। ਇਸ ਤੋਂ ਪਹਿਲਾਂ, ਪਰਮੇਸ਼ੁਰ ਦਾ **ਅਨੰਤ ਨੇਮ** ਦਾ ਵਾਇਦਾ ਅਬਰਾਹਾਮ ਅਤੇ ਉਸ ਦੀ ਅੰਸ ਦੇ ਨਾਲ ਸੀ (17:7); ਹੁਣ ਉਹ ਇਸਹਾਕ ਅਤੇ **ਉਹ ਦੇ ਪਿੱਛੋਂ ਉਹ ਦੀ ਅੰਸ ਨਾਲ** ਵੀ ਫੈਲ ਰਿਹਾ ਸੀ।

**ਆਇਤ 20.** ਫਿਰ ਪਰਮੇਸ਼ੁਰ ਨੇ ਇਹ ਕਹਿੰਦੇ ਹੋਏ, **ਇਸਮਾਏਲ** ਦੇ ਵਿਸ਼ੇ ਵਿਚ ਅਬਰਾਹਾਮ ਦੀ ਚਿੰਤਾ ਨੂੰ ਸੰਬੋਧਤ ਕੀਤਾ, **ਮੈਂ ਤੇਰੀ ਸੁਣੀ ਹੈ।** ਇੱਕ ਵਾਰ ਫਿਰ, ਇੱਥੇ "ਇਸਮਾਏਲ," ਦੇ ਨਾਮ ਦੇ ਲਈ ਇੱਕ ਸ਼ਬਦ-ਜੋੜ ਹੈ, ਜਿਸਦਾ ਅਰਥ ਹੈ "ਯਹੋਵਾਹ ਸੁਣਦਾ ਹੈ" (16:11 ਤੇ ਟਿੱਪਣੀਆਂ ਵੇਖੋ)। ਪਰਮੇਸ਼ੁਰ ਨੇ ਦੁਖੀ ਪਿਤਾ ਨੂੰ ਯਕੀਨ ਦਿਵਾਇਆ ਕਿ, ਭਾਵੇਂ ਉਸ ਨੇ ਹਾਜਰਾ ਦੇ ਦੁਆਰਾ ਪੈਦਾ ਹੋਏ ਉਸ ਦੇ ਪੁੱਤਰ ਨੂੰ ਵਾਇਦਾ ਕੀਤੇ ਹੋਏ ਵਾਰਿਸ ਦੇ ਰੂਪ ਵਿਚ

ਰੱਦ ਦਿੱਤਾ ਹੈ, ਪਰ ਉਹ ਉਸ ਨੂੰ ਭਵਿੱਖ ਦੀਆਂ ਅਸੀਸਾਂ ਤੋਂ ਰੱਦ ਨਹੀਂ ਰਿਹਾ ਸੀ। ਇਸ ਦੇ ਉਲਟ, ਉਸ ਨੇ ਇਸਮਾਏਲ ਦੀ ਅੰਸ ਨੂੰ **ਅਸੀਸ** ਦੇਣ ਅਤੇ **ਫਲਵੰਤ** ਬਣਾਉਣ ਦਾ ਵਾਇਦਾ ਕੀਤਾ। ਉਹ ਉਸ ਦੇ ਲਈ ਕਰੇਗਾ ਕਿ **ਉਸ ਤੋਂ ਬਾਰਾਂ ਸ਼ਜ਼ਾਦੇ ਜੰਮਣਗੇ** (ਬਾਰਾਂ ਗੋਤਾਂ ਨੂੰ ਦਰਸਾਉਂਦਾ ਹੈ; ਵੇਖੋ 25:12-18) ਅਤੇ **ਇੱਕ ਵੱਡੀ ਕੌਮ** ਬਣਾਵੇਗਾ। ਇਹ ਬਿਆਨ ਪਿਛਲੇ ਵਾਇਦੇ ਵਿਚ ਇੱਕ ਮਹੱਤਵਪੂਰਣ ਵਾਧਾ ਸੀ ਜੋ ਪ੍ਰਭੂ ਨੇ ਹਾਜਰਾ ਅਤੇ ਇਸਮਾਏਲ ਦੇ ਨਾਲ ਕੀਤਾ ਸੀ (16:11, 12)।

**ਆਇਤ 21.** ਇਸਹਾਕ ਦੇ ਵਿਸ਼ੇ ਵਿਚ ਜੋ ਵਾਇਦਾ ਕੀਤਾ ਗਿਆ ਸੀ ਉਹ ਉਸ ਦੇ ਪੈਦਾ ਹੋਣ ਤੋਂ ਪਹਿਲਾਂ ਕੀਤਾ ਗਿਆ ਸੀ, ਜਦਕਿ ਇਸਮਾਏਲ ਦੇ ਵਿਸ਼ੇ ਵਿਚ ਰੱਬੀ ਵਾਇਦਾ (17:20) ਉਸ ਦੇ ਜਨਮ ਤੋਂ ਬਾਅਦ ਵਿਚ ਆਇਆ ਸੀ। ਇਸ ਤੋਂ ਇਲਾਵਾ, ਵਿਰੋਧਸੂਚਕ **ਪਰ** ਅਬਰਾਹਾਮ ਦੇ ਦੋਵਾਂ ਪੁੱਤਰਾਂ ਅਤੇ ਉਨ੍ਹਾਂ ਨਾਲ ਸੰਬੰਧਤ ਅਸੀਸਾਂ ਵਿਚ ਇੱਕ ਅੰਤਰ ਨੂੰ ਪ੍ਰਸਤੁਤ ਕਰਦਾ ਹੈ। 17:21 ਦੀ ਸ਼ੁਰੂਆਤ ਦੇ ਸਮੇਂ, **ਆਪਣਾ ਨੇਮ ਮੈਂ,** ਨੇ **ਇਸਹਾਕ** ਦੇ ਨਾਲ ਕੀਤੇ ਨੇਮ ਦੇ ਵਾਇਦਿਆਂ ਨੂੰ ਇਸਮਾਏਲ ਦੇ ਨਾਲ ਕੀਤੇ ਵਾਇਦਿਆਂ ਤੋਂ ਵੱਖਰਾ ਕੀਤਾ। ਆਪਣੀ ਇੱਛਾ ਨੂੰ ਪਰਗਟ ਕਰਦੇ ਹੋਏ ਕਿ **ਸਾਰਾਹ ਏਸੇ ਰੁੱਤੇ ਆਉਂਦੇ ਵਰਹੇ** ਇਸਹਾਕ ਦੀ ਮਾਂ ਬਣ ਜਾਵੇਗੀ, ਪ੍ਰਭੂ ਨੇ ਇਸ ਮੁੱਦੇ ਤੇ ਹੋਰ ਗੱਲਬਾਤ ਅਤੇ ਵਿਚਾਰ-ਵਟਾਂਦਰੇ ਦੇ ਲਈ ਦਰਵਾਜ਼ੇ ਨੂੰ ਬੰਦ ਕਰ ਦਿੱਤਾ।

**ਆਇਤ 22.** ਇਸ ਸਾਰੇ ਸਪੱਸ਼ਟ ਬਿਆਨ ਦੇ ਨਾਲ, ਮੁਲਾਕਾਤ ਸਮਾਪਤ ਹੋ ਗਈ। ਤਦ ਪ੍ਰਭੂ ਦਾ ਦ੍ਰਿਸ਼ ਪਰਗਟ ਰੂਪ ਅਲੋਪ ਹੋ ਗਿਆ ਜਿਵੇਂ **ਪਰਮੇਸ਼ੁਰ ਅਬਰਾਹਾਮ ਕੋਲੋਂ ਉਤਾਹਾਂ ਚਲਾ ਗਿਆ।**

## ਨੇਮ ਦੀ ਮੁਹਰਬੰਦੀ: ਅਬਰਾਹਾਮ ਦੇ ਘਰਾਣੇ ਦੀ ਸੁੰਨਤ (17:23-27)

**23ਤਾਂ ਅਬਰਾਹਾਮ ਨੇ ਆਪਣੇ ਪੁੱਤ੍ਰ ਇਸ਼ਮਾਏਲ ਨੂੰ ਅਰ ਆਪਣੇ ਸਭ ਘਰਜੰਮਿਆਂ ਨੂੰ ਅਰ ਸਭ ਆਪਣੀ ਚਾਂਦੀ ਨਾਲ ਖ਼ਰੀਦੇ ਹੋਇਆਂ ਨੂੰ ਅਰਥਾਤ ਅਬਰਾਹਾਮ ਦੇ ਘਰ ਦੇ ਮਨੁੱਖਾਂ ਵਿੱਚੋਂ ਹਰ ਇੱਕ ਨਰ ਨੂੰ ਲੈਕੇ ਉਨ੍ਹਾਂ ਨੂੰ ਉਨ੍ਹਾਂ ਦੇ ਬਦਨ ਦੀ ਖੱਲੜੀ ਵਿੱਚ ਉਸੇ ਦਿਹਾੜੇ ਸੁੰਨਤ ਕਰਾਈ ਜਿਵੇਂ ਪਰਮੇਸ਼ੁਰ ਨੇ ਉਹ ਦੇ ਨਾਲ ਗੱਲ ਕੀਤੀ ਸੀ। 24ਅਤੇ ਅਬਰਾਹਾਮ ਨੜਿੰਨਵੇਂ ਵਰਿਹਾਂ ਦਾ ਸੀ ਜਦ ਉਹ ਦੇ ਬਦਨ ਦੀ ਖੱਲੜੀ ਵਿੱਚ ਉਹ ਦੀ ਸੁੰਨਤ ਕੀਤੀ ਗਈ। 25ਅਤੇ ਇਸਮਾਏਲ ਤੇਰਾਂ ਵਰਿਹਾਂ ਦਾ ਸੀ ਜਦ ਉਹ ਦੇ ਬਦਨ ਦੀ ਖੱਲੜੀ ਵਿੱਚ ਉਹ ਦੀ ਸੁੰਨਤ ਕੀਤੀ ਗਈ। 26ਅਬਰਾਹਾਮ ਤੇ ਉਹ ਦੇ ਪੁੱਤ੍ਰ ਇਸਮਾਏਲ ਦੀਆਂ ਸੁੰਨਤਾਂ ਇੱਕੋ ਦਿਨ ਹੋਈਆਂ। 27ਅਤੇ ਉਹ ਦੇ ਘਰ ਦੇ ਸਭ ਮਨੁੱਖਾਂ ਦੀ ਭਾਵੇਂ ਘਰਜੰਮੇ ਸੀ ਭਾਵੇਂ ਪਰਦੇਸੀਆਂ ਤੋਂ ਚਾਂਦੀ ਦੇਕੇ ਲਏ ਹੋਏ ਸੀ ਉਹ ਦੇ ਨਾਲ ਸਭਨਾਂ ਦੀ ਸੁੰਨਤ ਕੀਤੀ ਗਈ।**

**ਆਇਤਾਂ 23-25.** ਸੁੰਨਤ ਦੇ ਨੇਮ ਦੇ ਅਗਲੇ ਦ੍ਰਿਸ਼ਟੀਕੋਣ ਤੋਂ ਅਬਰਾਹਾਮ ਨੇ ਪਰਮੇਸ਼ੁਰ ਦੇ ਹੁਕਮ ਨੂੰ ਮੰਨਿਆ। ਇੱਕ ਸਾਲ ਦੇ ਅੰਦਰ ਸਾਰਾਹ ਦੇ ਦੁਆਰਾ ਇੱਕ ਪੁੱਤਰ ਦੇ ਪੈਦਾ ਹੋਣ ਦੇ ਵਾਇਦੇ ਨੇ ਅਬਰਾਹਾਮ ਦੇ ਵਿਸ਼ਵਾਸ ਨੂੰ ਮੁੜ ਸੁਰਜੀਤ ਕਰ ਦਿੱਤਾ। ਮਨੁੱਖੀ ਦ੍ਰਿਸ਼ਟੀਕੋਣ ਤੋਂ, ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਇੱਕ ਅਸੰਭਵ ਘਟਨਾ ਹੈ, ਉਸ **ਨੇ ਉਸੇ ਦਿਹਾੜੇ** ਆਪਣੇ ਪਰਿਵਾਰ ਦੇ ਸਾਰੇ ਪੁਰਖਾਂ ਦੀ ਸੁੰਨਤ ਦੀ ਪ੍ਰਕਿਰਿਆ ਨੂੰ ਸ਼ੁਰੂ ਕਰ ਦਿੱਤਾ (ਵੇਖੋ 17:26)। **ਅਬਰਾਹਾਮ** ਨੇ ਰੱਬੀ ਹੁਕਮਾਂ ਨੂੰ ਜਿੰਨੀ ਛੇਤੀ ਹੋ ਸਕੇ ਪੂਰਾ ਕੀਤਾ, ਭਾਵੇਂ ਉਹ **ਨੜਿੰਨਵੇਂ ਵਰਿਹਾਂ ਦਾ ਸੀ**। ਅਬਰਾਹਾਮ ਦੇ ਘਰ ਦੇ ਲੋਕਾਂ ਵਿਚੋਂ ਸੁੰਨਤ ਕਰਵਾਉਣ ਵਾਲਿਆਂ ਵਿਚ ਹਾਜਰਾ ਤੋਂ ਪੈਦਾ ਹੋਇਆ ਉਸ ਦਾ **ਪੁੱਤ੍ਰ, ਇਸਮਾਏਲ** ਵੀ ਸ਼ਾਮਲ ਸੀ। ਉਸ ਸਮੇਂ ਉਹ ਦਾ

ਪੁੱਤਰ **ਤੇਰਾਂ ਵਰਿਹਾਂ ਦਾ ਸੀ**।

**ਆਇਤਾਂ 26, 27.** ਪਰਮੇਸ਼ੁਰ ਬਾਈਬਲ ਦੇ ਵਿਸ਼ਵਾਸ ਦੇ ਵਿਸ਼ੇ ਵਿਚ ਕਦੀ ਨਹੀਂ ਚਾਹੁੰਦਾ ਕਿ ਉਸ ਨੂੰ ਸਿਰਫ ਇੱਕ ਦਿਮਾਗੀ ਸਮਰਪਣ ਦੇ ਰੂਪ ਵਿਚ ਵੇਖਿਆ ਜਾਵੇ, ਉਸ ਦੇ ਪ੍ਰਤਿ ਪ੍ਰਤਿਕਿਰਿਆ ਨਾ ਕੀਤੀ ਜਾਵੇ। ਜੋ ਪਰਮੇਸ਼ੁਰ ਨੇ ਹੁਕਮ ਦਿੱਤਾ ਸੀ ਉਸ ਨੂੰ ਤੁਰੰਤ ਕੀਤਾ ਜਾਣਾ ਚਾਹੀਦਾ ਸੀ, ਅਤੇ **ਅਬਰਾਹਾਮ** ਨੇ ਆਗਿਆਕਾਰੀ ਕੀਤੀ। ਅਤੇ **ਇੱਕੇ ਦਿਨ**, ਉਸ ਦੀ, **ਉਹ ਦੇ ਪੱਤ੍ਰ ਇਸਮਾਏਲ**, ਅਤੇ **ਉਸ ਦੇ ਘਰ ਦੇ ਸਭ ਮਨੁੱਖਾਂ ਦੀ . . . ਸੁੰਨਤ ਕੀਤੀ ਗਈ।** ਪਰ, ਜਦੋਂ ਪੁਰਖਾ ਸੁੰਨਤ ਦੇ ਲਈ ਸਮਰਪਿਤ ਹੋਇਆ ਤਾਂ ਉਸ ਨੇ ਆਪਣੀ ਮੁਕਤੀ ਨੂੰ ਖਰੀਦਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੇ ਉਲਟ, ਅਬਰਾਹਾਮ ਦੀ ਕਹਾਣੀ ਦੇ ਵਿਚ ਪਰਮੇਸ਼ੁਰ ਦੀ ਦਯਾ ਸਦਾ ਮੌਜੂਦ ਹੈ, ਜਿਉਂ ਜਿਉਂ ਉਸ ਦਾ ਵਿਸ਼ਵਾਸ ਅਤੇ ਆਗਿਆਕਾਰੀ ਵੱਧਦੇ ਅਤੇ ਘੱਟਦੇ ਗਏ। ਇਸ ਦੇ ਉਲਟ, ਅਬਰਾਹਾਮ ਦੀ ਕਹਾਣੀ ਵਿਚ ਪਰਮੇਸ਼ੁਰ ਦੀ ਦਯਾ ਸਦਾ ਮੌਜੂਦ ਰਹੀ ਹੈ, ਭਾਵੇਂ ਉਸ ਦਾ ਵਿਸ਼ਵਾਸ ਅਤੇ ਆਗਿਆਕਾਰੀ ਵਧੀ ਜਾਂ ਘਟੀ। ਫਿਰ ਵੀ, ਪਰਮੇਸ਼ੁਰ ਦੇ ਨਾਲ ਸੰਬੰਧ ਦੀ ਰੱਖਿਆ ਦੇ ਲਈ "ਸੁੰਨਤ" ਦੀ ਅਸਲ ਲੋੜ ਨੂੰ ਪਹਿਲਾਂ ਤੋਂ ਹੀ ਵਿਆਖਿਆ ਕਰ ਦਿੱਤੀ ਗਈ ਹੈ। ਅਬਰਾਹਾਮ ਦੇ ਬੱਚਿਆਂ ਵਿਚੋਂ ਜਾਂ ਘਰ ਦੇ ਮਨੁੱਖਾਂ ਵਿਚੋਂ ਜੋ ਇਸ ਚਿੰਨ੍ਹ ਨੂੰ ਆਪਣੇ ਸਰੀਰ ਦੇ ਉੱਤੇ ਨਹੀਂ ਲੈਂਦਾ ਸੀ ਉਸ ਨੂੰ ਪਰਮੇਸ਼ੁਰ ਦੇ ਲੋਕਾਂ ਦੇ ਵਿਚੋਂ ਕੱਢ ਦਿੱਤਾ ਜਾਂਦਾ ਸੀ – ਕਿਉਂਕਿ ਪਰਮੇਸ਼ੁਰ ਨੇ ਕਿਹਾ ਸੀ, "ਉਸ ਨੇ ਮੇਰੇ ਨੇਮ ਨੂੰ ਭੰਨਿਆ ਹੈ" (17:14)।

# ਪ੍ਰਾਸੰਗਿਕਤਾ

### ਸਾਡੇ ਵਿਸ਼ਵਾਸ ਦਾ ਵੱਧਣਾ (ਅਧਿਆਇ 17)

ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਇੱਕ ਨੇਮ ਬੰਨ੍ਹਿਆ ਸੀ ਅਤੇ ਅਧਿਆਇ 15 ਵਿਚ ਇਸ ਨੂੰ ਇੱਕ ਪਵਿੱਤਰ ਸੇਵਾ ਦੇ ਨਾਲ ਮੋਹਰਬੰਦ ਕੀਤਾ; ਪਰ, ਵਾਇਦੇ ਦੀ ਸੰਤਾਨ ਦੇ ਪੈਦਾ ਹੋਣ ਤੋਂ ਪਹਿਲਾਂ ਕੁਝ ਵੇਰਵਿਆਂ ਨੂੰ ਪੂਰਾ ਕਰਨਾ ਬਾਕੀ ਸੀ। ਬਲੀਦਾਨਾਂ ਦੀ ਭੇਟ ਨੇ ਅਬਰਾਹਾਮ ਅਤੇ ਉਸ ਦੀ ਸੰਤਾਨ ਨੂੰ ਪਰਮੇਸ਼ੁਰ ਦੀ ਦ੍ਰਿੜ ਵਚਨਬੱਧਤਾ ਦੇ ਰੂਪ ਵਿਚ ਨੇਮ ਵਿਚ ਸਥਾਪਤ ਕੀਤਾ, ਪਰ ਇਹ ਨਿਜੀ ਮਾਮਲਾ ਸੀ ਜਿਸ ਦੀ ਗਵਾਹੀ ਕਿਸੇ ਹੋਰ ਦੇ ਦੁਆਰਾ ਨਹੀਂ ਦਿੱਤੀ ਗਈ ਸੀ। ਇਸ ਤੋਂ ਇਲਾਵਾ, ਅਬਰਾਹਾਮ ਦੇ ਵੱਲੋਂ ਇੱਕ ਹਿੱਸੇ ਦੇ ਰੂਪ ਵਿਚ ਇਸ ਵਿਚ ਥੋੜੀ ਜਿਹੀ ਕਿਰਿਆ ਕਰਨ ਦੀ ਲੋੜ ਸੀ; ਉਸ ਨੇ ਸਿਰਫ ਕੁਰਬਾਨੀਆਂ ਦੀ ਰਾਖੀ ਕਰਨੀ ਸੀ ਅਤੇ ਪਰਮੇਸ਼ੁਰ ਨੂੰ ਧਿਆਨ ਨਾਲ ਵੇਖਣਾ ਸੀ, ਜਦੋਂ ਉਹ ਇੱਕ ਬਲਦੀ ਹੋਈ ਮਸ਼ਾਲ ਦੇ ਰੂਪ ਵਿਚ, ਚਿੰਨ੍ਹ ਦੇ ਤੌਰ ਤੇ ਜਾਨਵਰਾਂ ਦੀਆਂ ਲੋਥਾਂ ਦੇ ਵਿਚੋਂ ਦੀ ਲੰਘੇ ਤਾਂ ਕਿ ਨੇਮ ਨੂੰ ਲਾਗੂ ਕਰ ਸਕੇ ਅਤੇ ਉਸ ਦੀ ਗਰੰਟੀ ਦੇ ਸਕੇ। ਅਸਲ ਵਿਚ, ਪਰਮੇਸ਼ੁਰ ਨੇ ਆਪਣੇ ਨੇਮ ਦੇ ਸਹਿਭਾਗੀ ਉੱਤੇ ਕੋਈ ਹੁਕਮ ਜਾਂ ਜ਼ਿੰਮੇਦਾਰੀਆਂ ਨਹੀਂ ਪਾਈਆਂ ਸਨ ਕਿ ਉਹ ਉਨ੍ਹਾਂ ਨੂੰ ਪੂਰਾ ਕਰੇ।

ਹੁਣ ਅਬਰਾਹਾਮ ਦੇ ਲਈ ਸਮਾਂ ਆ ਗਿਆ ਸੀ ਕਿ ਉਹ ਜਨਤਕ ਤੌਰ ਤੇ ਇਸ ਰੱਬੀ ਹੁਕਮ ਦੇ ਪ੍ਰਤਿ ਪ੍ਰਤਿਕਿਰਿਆ ਕਰੇ ਜਿਸ ਵਿਚ ਸਭ ਕੁਝ ਸ਼ਾਮਲ ਹੋਵੇਗਾ ਅਤੇ ਉਸ ਦੇ ਪਰਿਵਾਰ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਨਾਲ ਸਦਾ ਲਈ ਜਾਰੀ ਰਹੇਗਾ। ਹੁਣ ਤੱਕ ਘੱਟੋ ਘੱਟ ਤੇਰ੍ਹਾਂ ਸਾਲ ਬੀਤ ਚੁੱਕੇ ਸਨ ਜਦੋਂ ਦਾ ਅਧਿਆਇ 15 ਵਿਚ ਇਸ ਦਰਸ਼ਣ ਨੂੰ ਲਿਖਿਆ ਗਿਆ ਸੀ, ਅਤੇ ਪ੍ਰਭੂ ਨੇ ਅਬਰਾਹਾਮ ਦੀ ਧਾਰਮਿਕ ਜਾਣਕਾਰੀ ਨੂੰ ਵਧਾਉਣਾ ਸੀ। ਉਹ ਚਾਹੁੰਦਾ ਸੀ ਕਿ ਅਬਰਾਹਾਮ ਨੂੰ ਉਸ ਦੇ ਰੱਬੀ ਸੁਭਾਅ ਦੇ ਵਿਸ਼ੇ ਵਿਚ ਕੁਝ ਪਤਾ ਲੱਗ ਜਾਵੇ। ਪਰਮੇਸ਼ੁਰ ਚਾਹੁੰਦਾ ਸੀ ਕਿ ਰੱਬੀ ਯੋਜਨਾ ਦੇ ਵਿਚ ਉਸ ਦੀ ਭੂਮਿਕਾ ਦੇ ਵਿਸ਼ੇ ਵਿਚ ਪੁਰਖੇ ਦੀ ਸਵੈ-

ਜਾਣਕਾਰੀ ਵੱਧ ਜਾਵੇ। ਇਸ ਅੰਤ ਤੱਕ, ਉਸ ਨੇ ਇਸ ਵਿਸ਼ੇ ਵਿਚ ਕਿ ਅਬਰਾਹਾਮ ਅਤੇ ਉਸ ਦੀ ਅੰਸ ਉਸ ਦੀ ਰੱਬੀ ਕਿਰਪਾ ਦੇ ਨਾਲ ਕੀ ਬਣੇਗੀ, ਅਤੇ ਆਪਣੀ ਕਿਸਮਤ ਨੂੰ ਪੂਰਾ ਕਰਨ ਦੇ ਲਈ ਉਨ੍ਹਾਂ ਨੂੰ ਕੀ ਕਰਨ ਦੀ ਲੋੜ ਸੀ।

*ਪਰਮੇਸ਼ੁਰ ਸਾਨੂੰ ਉਹ ਦਿੰਦਾ ਹੈ ਜਿਸ ਦੀ ਸਾਨੂੰ ਲੋੜ ਹੈ* (17:1-8)। ਪਰਮੇਸ਼ੁਰ ਅਬਰਾਹਾਮ ਦੇ ਨੇਮ ਨੂੰ ਫਿਰ ਤੋਂ ਨਵਾਂ ਕਰਨਾ ਅਤੇ ਵਧਾਉਣਾ ਚਾਹੁੰਦਾ ਸੀ। ਉਸ ਨੇ ਕਈ ਤਰੀਕਿਆਂ ਦੇ ਨਾਲ ਅਜਿਹਾ ਕੀਤਾ।

1. ਪਰਮੇਸ਼ੁਰ ਨੇ ਅਬਰਾਹਾਮ ਦੇ ਉੱਤੇ ਆਪਣੇ ਆਪ ਦੇ ਨਵੇਂ ਨਾਮ ਨੂੰ ਪਰਗਟ ਕਰ ਕੇ ਆਪਣੇ ਰੱਬੀ ਸੁਭਾਅ ਦੀ ਮਹਾਨ ਜਾਣਕਾਰੀ ਦਿੱਤੀ: *ਐੱਲ ਸ਼ੈਦਾਈ*, ਜਿਸ ਦਾ ਅਰਥ ਹੈ "ਸਰਬਸ਼ਕਤੀਮਾਨ ਪਰਮੇਸ਼ੁਰ" (17:1)। ਅੱਜ ਜ਼ਿਆਦਾਤਰ ਲੋਕ ਇਹ ਸੋਚ ਰੱਖਦੇ ਹਨ, "ਇੱਕ ਨਾਮ ਵਿਚ ਕੀ ਰੱਖਿਆ ਹੈ? ਅਸੀਂ ਇੱਕ ਗੁਲਾਬ ਨੂੰ ਹੋਰ ਕਿਸੇ ਨਾਮ ਨਾਲ ਬੁਲਾਈਏ ਤਾਂ ਕਿ ਉਸ ਦੀ ਸੁਗੰਧ ਉਨ੍ਹੀ ਹੀ ਮਿੱਠੀ ਹੋਵੇਗੀ।"[14] ਪਰ, ਬਾਈਬਲ ਦੇ ਸਮੇਂ ਵਿਚ, ਨਾਮ ਬਹੁਤ ਹੀ ਮਹੱਤਵਪੂਰਣ ਸਨ; ਲੋਕ ਆਪਣੇ ਪੂਰਵਜਾਂ ਦੇ ਨਾਮਾਂ, ਆਪਣੇ ਨਾਮਾਂ, ਆਪਣੇ ਬੱਚਿਆਂ ਦੇ ਨਾਮਾਂ, ਅਤੇ ਖਾਸ ਤੌਰ ਤੇ ਆਪਣੇ ਦੇਵਤਿਆਂ ਦੇ ਨਾਮਾਂ ਦੇ ਮਹੱਤਵ ਨੂੰ ਜਾਣਦੇ ਸਨ।

ਇਸ ਦਰਸ਼ਣ ਦੇ ਸਮੇਂ, ਅਬਰਾਹਾਮ ਨੜਿੰਨਵੇਂ ਸਾਲਾਂ ਦਾ ਸੀ (17:1); ਜਦੋਂ ਦਾ ਪਰਮੇਸ਼ੁਰ ਨੇ ਉਸ ਨੂੰ ਊਰ ਨੂੰ ਛੱਡ ਕੇ ਕਨਾਨ ਦੇਸ ਨੂੰ ਜਾਣ ਦੇ ਲਈ ਕਿਹਾ ਸੀ ਉਸ ਸਮੇਂ ਤੋਂ ਹੁਣ ਤੱਕ ਸੱਠ ਜਾਂ ਸੱਤਰ ਸਾਲ ਬੀਤ ਚੁੱਕੇ ਸਨ। ਪੁਰਾਤਨ ਮਸੋਪੋਤਾਮੀਆ ਦੇ ਮੂਰਤੀਪੂਜਕ ਸੱਭਿਆਚਾਰ ਵਿਚੋਂ ਬੁਲਾਉਂਦੇ ਹੋਏ, ਪ੍ਰਭੂ ਨੇ ਆਪਣੇ ਆਪ ਨੂੰ ਇੱਕ ਸੱਚੇ ਪਰਮੇਸ਼ੁਰ ਦੇ ਰੂਪ ਵਿਚ ਉਸ ਦੇ ਉੱਤੇ ਪਰਗਟ ਕੀਤਾ। ਨਿਸ਼ਚਤ ਸਮੇਂ ਤੋਂ ਬਾਅਦ, ਪਰਮੇਸ਼ੁਰ ਨੇ ਆਪਣੇ ਆਪ ਨੂੰ "ਯਹੋਵਾਹ" ਅਤੇ "ਸਰਵਸ਼ਕਤੀਮਾਨ ਪਰਮੇਸ਼ੁਰ" ਦੇ ਰੂਪ ਵਿਚ ਪਰਗਟ ਕੀਤਾ (14:22)।

ਇਸ ਤੱਥ ਦੇ ਕਾਰਣ ਕਿ ਉਸ ਦੀ ਬੁਲਾਹਟ ਦੇ ਸਮੇਂ ਤੋਂ ਹੁਣ ਤੱਕ ਬਹੁਤ ਸਾਰੇ ਸਾਲ ਬੀਤ ਚੁੱਕੇ ਸਨ ਅਤੇ ਪਰਮੇਸ਼ੁਰ ਦੇ ਵਾਇਦਿਆਂ ਦੇ ਬਹੁਤ ਸਾਰੇ ਮਹੱਤਵਪੂਰਣ ਹਿੱਸੇ ਅਜੇ ਪੂਰੇ ਨਹੀਂ ਹੋਏ ਸਨ, ਹੋ ਸਕਦਾ ਹੈ ਕਿ ਅਬਰਾਹਾਮ ਦਾ ਵਿਸ਼ਵਾਸ ਡੋਲ ਗਿਆ ਹੋਵੇ। ਅਕਾਸ਼ ਦੇ ਤਾਰਿਆਂ ਜਿੰਨੀ ਅੰਸ ਕਿੱਥੇ ਸੀ? ਉਸ ਮਹਾਨ ਕੌਮ ਦੇ ਲੋਕ ਕਿੱਥੇ ਸਨ ਜਿਸ ਦਾ ਉਸ ਨੇ ਵਾਇਦਾ ਕੀਤਾ ਸੀ? ਉਸ ਨੂੰ ਕਨਾਨ ਦੇਸ ਦਾ ਮਾਲਕ ਹੋਣ ਦਾ ਭਰੋਸਾ ਕਿਵੇਂ ਦਿਵਾਇਆ ਜਾਵੇਗਾ ਜਿਸ ਦਾ ਉਸ ਦੇ ਨਾਲ ਵਾਇਦਾ ਕੀਤਾ ਗਿਆ ਸੀ? ਇਨ੍ਹਾਂ ਸਭਨਾਂ ਵਿੱਚੋਂ ਕੋਈ ਵੀ ਕਿਰਿਆ ਨਹੀਂ ਕੀਤੀ ਗਈ ਸੀ। ਨਾ ਹੀ ਉਸ ਨੇ ਇਸ ਗੱਲ ਨੂੰ ਸਮਝਿਆ ਸੀ ਕਿ ਉਹ ਸਾਰੀ ਧਰਤੀ ਦੇ ਸਭ ਘਰਾਣਿਆਂ ਦੇ ਲਈ ਇੱਕ ਅਸੀਸ ਕਿਵੇਂ ਬਣ ਸਕਦਾ ਹੈ। ਪੁਰਖੇ ਦੀ ਜੋ ਲੋੜ ਸੀ ਉਹ ਇਹ ਸੀ ਕਿ ਉਹ ਪਰਮੇਸ਼ੁਰ ਦੀ ਮਹਾਨ ਸਮਝ ਨੂੰ ਪ੍ਰਾਪਤ ਕਰੇ। ਇਸ ਲਈ, ਯਹੋਵਾਹ ਨੇ ਉਸ ਉੱਤੇ ਆਪਣੇ ਆਪ ਨੂੰ *ਐੱਲ ਸ਼ੈਦਾਈ*, ਸਰਵ-ਸ਼ਕਤੀਮਾਨ ਪਰਮੇਸ਼ੁਰ, ਆਪਣੇ ਵਾਇਦੇ ਨੂੰ ਪੂਰਾ ਕਰਨ ਦੇ ਯੋਗ ਦੇ ਰੂਪ ਵਿਚ ਪਰਗਟ ਕੀਤਾ ਸੀ।

ਪਹਿਲੀ ਸਦੀ ਦੇ ਫਲਿਸਤੀਨ ਵਿਚ, ਯਹੂਦੀ ਲੋਕ ਕੁਝ ਹੱਦ ਤੱਕ ਪਿਤਾ ਅਬਰਾਹਾਮ ਦੇ ਸਮਾਨ ਸਨ। ਉਹ – ਸੱਠਾਂ ਜਾਂ ਸੱਤਰਾਂ ਸਾਲਾਂ ਤੋਂ ਨਹੀਂ, ਸਗੋਂ ਸਦੀਆਂ ਤੋਂ – ਵਾਇਦਾ ਕੀਤੇ ਹੋਏ ਮਸੀਹਾ (ਮਸਾਹ ਕੀਤਾ ਹੋਇਆ ਰਾਜਾ) ਦੇ ਆਉਣ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਹ ਰੋਮੀਆਂ ਨੂੰ ਉਨ੍ਹਾਂ ਦੇ ਕਠਪੁਤਲੀ ਸ਼ਾਸਕਾਂ, ਹੇਰੋਦੇਸਾਂ ਨੂੰ ਬਾਹਰ ਕੱਢ ਦੇਵੇਗਾ, ਅਤੇ ਵਾਇਦਾ ਕੀਤੇ ਹੋਏ ਦੇਸ ਤੇ ਸਰਵਸ਼ਕਤੀਮਾਨ ਯਹੋਵਾਹ ਦੇ ਰਾਜ ਨੂੰ ਸਥਾਪਤ ਕਰੇਗਾ। ਇਸ ਮਸੀਹਾ ਤੋਂ ਇਹ ਉਮੀਦ ਕੀਤੀ ਗਈ ਸੀ ਕਿ ਉਹ ਆਪਣੇ ਲੋਕਾਂ ਨੂੰ ਸਥਾਪਤ ਕਰੇਗਾ ਅਤੇ ਉਨ੍ਹਾਂ ਦੇ ਉੱਤੇ ਰਾਜ ਕਰੇਗਾ, ਜਿਵੇਂ ਰਾਜਾ ਦਾਊਦ ਦੇ ਸਮੇਂ ਵਿਚ ਸੀ (ਯਿਰਮਿਯਾਹ

23:5, 6; 33:14-16; ਹਿਜ਼ਕੀਏਲ 34:23-27)। ਇਹ ਭਵਿੱਖਵਾਣੀਆਂ ਕਦੀ ਵੀ ਪੂਰੀਆਂ ਨਹੀਂ ਹੋਈਆਂ ਕਿਉਂਕਿ ਯਹੂਦੀ ਲੋਕਾਂ ਨੇ ਉਨ੍ਹਾਂ ਦੀ ਕਲਪਨਾ ਕੀਤੀ ਸੀ। ਸਮੇਂ ਸਮੇਂ ਤੇ ਲੋਕ ਉੱਠੇ; ਕੁਝ ਨੂੰ ਮਸੀਹਾ, ਛੁਡਾਉਣ ਵਾਲਾ ਸਮਝਿਆ ਗਿਆ; ਪਰ ਇਹ ਸੁਪਨੇ ਝੂਠੇ ਨਿਕਲੇ ਕਿਉਂਕਿ ਗ਼ੈਰ ਜਾਤੀਆਂ ਦੇ ਸ਼ਾਸਕਾਂ ਨੇ ਇਨ੍ਹਾਂ ਦੇ ਅੰਦੋਲਨਾਂ ਨੂੰ ਕੁਚਲ ਦਿੱਤਾ (ਮੱਤੀ 24:5, 24-26; ਰਸੂਲਾਂ ਦੇ ਕਰਤੱਬ 5:35-39; 21:38)।

ਇਹ ਅੰਸ਼ਕ ਤੌਰ ਤੇ "ਯਿਸੂ" ਨਾਮ ਦੀ ਮਹੱਤਤਾ ਨੂੰ ਦੱਸਦਾ ਹੈ, ਜਿਸ ਦੇ ਵਿਸ਼ੇ ਵਿਚ ਯੂਸੁਫ਼ ਨੂੰ ਕਿਹਾ ਗਿਆ ਸੀ ਕਿ ਉਹ ਮਰੀਅਮ ਦੇ ਬੱਚੇ ਦਾ ਨਾਮ ਇਹੋ ਰੱਖੇ। ਮੱਤੀ ਦੇ ਬਿਰਤਾਂਤ ਦੇ ਅਨੁਸਾਰ, ਜਦੋਂ ਯੂਸੁਫ਼ ਕਲਪਨਾ ਕਰ ਰਿਹਾ ਸੀ ਕਿ ਚੁੱਪ-ਚਾਪ ਮਰੀਅਮ ਨੂੰ ਛੱਡ ਦੇਵੇ ਕਿਉਂਕਿ ਉਹ ਗਰਭਵਤੀ ਸੀ, ਤਾਂ ਸਵਰਗਦੂਤ ਨੇ ਉਸ ਨੂੰ ਦੱਸਿਆ ਕਿ ਜੋ ਬਾਲਕ ਉਸ ਦੀ ਕੁੱਖ ਵਿਚ ਹੈ ਉਹ ਪਵਿੱਤਰ ਆਤਮਾ ਦੇ ਵੱਲੋਂ ਸੀ। ਸਵਰਗਦੂਤ ਨੇ ਕਿਹਾ ਕਿ ਯੂਸੁਫ਼ ਉਸ ਬੱਚੇ ਦਾ ਨਾਮ "ਯਿਸੂ" (Ἰησοῦς, *ਇਏਸੂ*) ਰੱਖੇ ਕਿਉਂਕਿ "ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ" (ਮੱਤੀ 1:21)। "ਯਿਸੂ" ਇਬਰਾਨੀ ਨਾਮ "ਯਹੋਸ਼ੁਆ" (ਯੁਸ਼ੁੰਹ਼, *ਯੇਹੋਸ਼ੂਆ*) ਦਾ ਯੂਨਾਨੀ ਰੂਪ ਹੈ, ਜਿਸ ਦਾ ਅਰਥ ਹੈ "ਪ੍ਰਭੂ [ਯਾਹਵੇ] ਮੁਕਤੀ ਹੈ।" ਬੇਸ਼ੱਕ, ਇਹ ਰਾਜਨੀਤਿਕ ਜਾਂ ਫੌਜੀ ਛੁਟਕਾਰਾ ਨਹੀਂ ਸੀ ਜੋ ਯਿਸੂ ਲਿਆਵੇਗਾ, ਪਰ ਇਹ ਯਹੋਵਾਹ ਦੀ ਪਾਪ ਤੋਂ ਮੁਕਤੀ ਹੈ।

2. ਪਰਮੇਸ਼ੁਰ ਨੇ ਅਬਰਾਹਾਮ ਨੂੰ ਇਹ ਚੁਨੌਤੀ ਦੇਣ ਦੇ ਦੁਆਰਾ ਕਿ ਮੇਰੇ "ਸਨਮੁਖ ਚੱਲ" ਅਤੇ "ਸੰਪੂਰਨ ਹੋ" ਨੇਮ ਦਾ ਵਿਸਥਾਰ ਕੀਤਾ (17:1)। ਇਸ ਸੱਚਾਈ ਦੇ ਅਧਾਰ ਤੇ ਕਿ ਪ੍ਰਭੂ "ਸਰਬਸ਼ਕਤੀਮਾਨ ਪਰਮੇਸ਼ੁਰ" ਹੈ ਜੋ "ਸਰਵ ਸਮਰੱਥੀ" ਹੈ ਉਸ ਨੂੰ ਪੂਰੀ ਸੱਚਾਈ ਅਤੇ ਵਚਨਬੱਧਤਾ ਦੇ ਨਾਲ ਉਸ ਦੇ ਸਾਹਮਣੇ ਜੀਵਨ ਗੁਜ਼ਾਰਨਾ ਸੀ। ਪਰਮੇਸ਼ੁਰ ਦੇ ਵਾਇਦਿਆਂ ਦੀ ਪੂਰਤੀ ਨਾ ਹੋਣ ਦੇ ਕਾਰਣ ਪੁਰਖਾ ਨਿਰਾਸ਼ ਹੋ ਗਿਆ ਸੀ। ਉਸ ਦੇ ਵਿਸ਼ਵਾਸ ਨੂੰ ਫਿਰ ਤੋਂ ਨਵਾਂ ਕਰਨ ਦੀ ਲੋੜ ਸੀ ਤਾਂ ਜੋ ਉਹ ਆਪਣੇ ਦਿਲ ਅਤੇ ਜੀਵਨ ਨੂੰ ਪ੍ਰਭੂ ਦੇ ਸਾਹਮਣੇ ਸਮਰਪਿਤ ਕਰ ਸਕੇ।

3. ਵਾਇਦੇ ਦੀ ਰੌਸ਼ਨੀ ਵਿਚ, ਪਰਮੇਸ਼ੁਰ ਨੇ ਅਬਰਾਮ ਦੇ ਨਾਮ ਨੂੰ ਬਦਲ ਕੇ "ਅਬਰਾਹਾਮ" ਰੱਖਿਆ, ਤਾਂ ਕਿ ਇਸ ਗੱਲ ਦਾ ਸੰਕੇਤ ਹੋਵੇ ਕਿ ਉਹ "ਬਹੁਤੀਆਂ ਕੌਮਾਂ ਦਾ ਪਿਤਾ" ਹੋਵੇਗਾ ਅਤੇ ਉਸ ਤੋਂ "ਰਾਜੇ ਨਿੱਕਲਣਗੇ" (17:4-6)।

4. ਪਰਮੇਸ਼ੁਰ ਨੇ ਇਸ ਵਾਇਦੇ ਨੂੰ ਦੁਹਰਾਇਆ ਕਿ ਇਹ ਅੰਸ "ਕਨਾਨ ਦੀ ਸਾਰੀ ਧਰਤੀ ਸਦਾ ਦੀ ਮਿਲਖ ਲਈ" ਪ੍ਰਾਪਤ ਕਰਨਗੇ (17:7, 8)। ਕੁਝ ਵਾਇਦਿਆਂ ਦਾ ਨਵੀਨੀਕਰਣ ਕਰਨ ਅਤੇ ਉਨ੍ਹਾਂ ਵਿਚ ਹੋਰ ਵਾਧਾ ਕਰਨ ਦੇ ਦੁਆਰਾ ਅਤੇ ਵਿਆਪਕ ਭਵਿੱਖ ਖਤਿਜਾਂ ਨੂੰ ਸ਼ਾਮਲ ਕਰਨ ਦੇ ਦੁਆਰਾ ਪਰਮੇਸ਼ੁਰ ਅਬਰਾਹਾਮ ਦੇ ਮਨੁੱਖੀ ਦ੍ਰਿਸ਼ਟੀਕੋਣ ਦੀ ਤੁਲਨਾ ਵਿਚ, ਉਸ ਦੇ ਵਿਸ਼ਵਾਸ ਅਤੇ ਦਰਸ਼ਣ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੇ ਹੁਣ ਤੱਕ ਇਨ੍ਹਾਂ ਰੱਬੀ ਅਸੀਸਾਂ ਦਾ ਤਜ਼ਰਬਾ ਨਹੀਂ ਕੀਤਾ ਸੀ, ਪਰ ਇਸ ਦਾ ਅਰਥ ਇਹ ਨਹੀਂ ਸੀ ਕਿ ਉਹ ਨਾਕਾਮ ਹੋ ਗਿਆ ਸੀ ਜਾਂ ਉਨ੍ਹਾਂ ਨੂੰ ਦੇਣ ਦੇ ਯੋਗ ਨਹੀਂ ਸੀ। ਪੁਰਾਣੇ ਜ਼ਮਾਨੇ ਦੇ ਇਸ ਧਰਮੀ ਆਦਮੀ ਨੂੰ ਇਹ ਸਿੱਖਣ ਦੀ ਲੋੜ ਸੀ ਕਿ ਪ੍ਰਭੂ ਹਮੇਸ਼ਾ ਆਪਣੇ ਵਾਇਦਿਆਂ ਨੂੰ ਪੂਰਾ ਕਰਦਾ ਹੈ ਅਤੇ "ਸਰਬਸ਼ਕਤੀਮਾਨ ਪਰਮੇਸ਼ੁਰ" (*ਐੱਲ ਸ਼ੈਦਾਈ*) ਦੇ ਲਈ ਕੋਈ ਵੀ ਗੱਲ ਬਹੁਤ ਜ਼ਿਆਦਾ ਮੁਸ਼ਕਲ ਨਹੀਂ ਹੈ (ਵੇਖੋ 18:10-14)। ਉਸ ਨੂੰ ਪਰਮੇਸ਼ੁਰ ਦੇ ਉੱਤੇ ਭਰੋਸਾ ਕਰਨ ਅਤੇ ਇਨ੍ਹਾਂ ਵਾਇਦਿਆਂ ਦੀ ਅੰਤਿਮ ਪੂਰਤੀ ਦੇ ਵਿਸ਼ੇ ਵਿਚ ਧੀਰਜ ਰੱਖਣ ਦੀ ਲੋੜ ਸੀ, ਭਾਵੇਂ ਕੁਝ ਨੂੰ ਉਹ ਆਪਣੇ ਜੀਵਨ ਕਾਲ ਵਿਚ ਪੂਰੇ ਹੁੰਦਿਆਂ ਹੋਇਆਂ ਨਹੀਂ ਵੇਖੇਗਾ।

ਮੁੱਢਲੇ ਮਸੀਹੀ – ਅਤੇ ਉਸ ਤੋਂ ਹਰ ਪੀੜ੍ਹੀ – ਅਬਰਾਹਾਮ ਦੇ ਨਾਲ ਮਿਲਦੀ ਜੁਲਦੀ

ਹਾਲਾਤ ਵਿਚ ਰਹੇ ਹਨ। ਪਰਮੇਸ਼ੁਰ ਨੇ ਪੁਰਖੇ ਨੂੰ ਬਚਾਇਆ (15:6; ਰੋਮੀਆਂ 4:1-5) ਅਤੇ ਉਸ ਨੂੰ ਬਹੁਤਾਇਤ ਦੀ ਬਰਕਤ ਦਿੱਤੀ। ਇਹ ਅਸੀਸਾਂ ਇਸਹਾਕ ਦੇ ਜਨਮ ਤੋਂ ਬਹੁਤ ਸਮਾਂ ਪਹਿਲਾਂ ਦਿੱਤੀਆਂ ਗਈਆਂ ਸਨ ਅਤੇ ਹੋਰਨਾਂ ਰੱਬੀ ਵਾਇਦਿਆਂ ਦੀ ਪੂਰਤੀ ਸਨ। ਇਸੇ ਤਰ੍ਹਾਂ, ਅਸੀਂ ਜੋ ਮਸੀਹ ਵਿਚ ਹਾਂ ਪਹਿਲਾਂ ਤੋਂ ਹੀ ਅਬਰਾਹਾਮ ਦੀ ਆਤਮਿਕ ਅੰਸ ਹੋਣ ਦੇ ਨਾਤੇ ਬਹੁਤ ਸਾਰੀ ਅਸੀਸ ਪ੍ਰਾਪਤ ਕਰ ਚੁੱਕੇ ਹਾਂ (ਗਲਾਤੀਆਂ 3:26-29; ਅਫ਼ਸੀਆਂ 1:3)। ਮਸੀਹ ਦੇ ਦੁਆਰਾ, ਸਾਨੂੰ "ਆਤਮਾ ਦਾ ਪਹਿਲਾ ਫਲ ਮਿਲਿਆ"; ਫਿਰ ਵੀ, ਇਸ ਨਾਸ ਹੋ ਰਹੇ ਸੰਸਾਰ ਵਿਚ, ਅਸੀਂ "ਆਪਣੇ ਆਪ ਵਿੱਚ ਹਾਹੁਕੇ ਭਰਦੇ ਹਾਂ ਅਤੇ ਪੁੱਤ੍ਰ ਹੋਣ ਦੀ ਅਰਥਾਤ ਆਪਣੀ ਦੇਹੀ ਦੇ ਨਿਸਤਾਰੇ ਦੀ ਉਡੀਕ ਵਿੱਚ ਬੈਠੇ ਹਾਂ" (ਰੋਮੀਆਂ 8:23)।

ਯਿਸੂ ਨੇ "ਜੀਵਨ ਅਤੇ ਅਬਨਾਸ ਨੂੰ ਖੁਸ਼ ਖਬਰੀ ਦੇ ਰਾਹੀਂ ਪਰਕਾਸ਼ ਕੀਤਾ" (2 ਤਿਮੋਥਿਉਸ 1:10)। ਉਸ ਵਿਚ, ਸਾਡੇ ਕੋਲ ਅਨੰਤ ਜੀਵਨ ਦਾ ਇੱਕ ਪੂਰਵ-ਅਨੁਮਾਨ ਹੈ (ਯੂਹੰਨਾ 3:36; 5:24; ਇਬਰਾਨੀਆਂ 6:4, 5), ਭਾਵੇਂ ਕਿ ਵਾਇਦੇ ਦੀ ਪੂਰਤੀ ਭਵਿੱਖ ਵਿਚ ਹੈ। ਅਸੀਂ ਪਹਿਲਾਂ ਤੋਂ ਹੀ ਬਚਾਏ ਗਏ ਹਾਂ (1 ਕੁਰਿੰਥੀਆਂ 15:1, 2), ਪਰ ਜਦੋਂ ਤੱਕ ਮਸੀਹ ਨਹੀਂ ਆ ਜਾਂਦਾ ਉਦੋਂ ਤੱਕ ਅਸੀਂ ਪੂਰੀ ਰੀਤਿ ਦੇ ਨਾਲ ਆਪਣੀ ਮੁਕਤੀ ਨੂੰ ਮਾਣ ਨਹੀਂ ਸੱਕਦੇ ਹਾਂ (ਰੋਮੀਆਂ 13:11)। ਉਸ ਸਮੇਂ, ਉਹ ਸਾਨੂੰ ਆਪਣੇ ਕੋਲ ਇਕੱਠਾ ਕਰੇਗਾ ਅਤੇ ਸਾਨੂੰ ਇੱਕ ਬੇਹਤਰ ਰਾਜ ਵਿਚ ਲੈ ਜਾਵੇਗਾ (ਯੂਹੰਨਾ 5:28, 29; 1 ਕੁਰਿੰਥੀਆਂ 15:22-26, 52-58; 1 ਥੱਸਲੁਨੀਕੀਆਂ 4:13-18)। ਧਰਮ ਸ਼ਾਸਤਰ ਦੇ ਅਨੁਸਾਰ, ਰੱਬੀ ਅਸੀਸ ਦੇ ਅਨੁਭਵ ਨੂੰ ਇਸ ਪ੍ਰਕਾਰ ਕਿਹਾ ਜਾ ਸਕਦਾ ਹੈ "ਪਹਿਲਾਂ ਤੋਂ ਹੀ ਪਰ ਹੁਣ ਤੱਕ ਨਹੀਂ।" ਅਬਰਾਹਾਮ ਦੇ ਵਾਂਗ, ਸਾਨੂੰ ਵੀ ਪ੍ਰਭੂ ਦੇ "ਸਨਮੁਖ ਚੱਲਣਾ" ਅਤੇ "ਸੰਪੂਰਨ ਹੋਣਾ" ਚਾਹੀਦਾ ਹੈ (17:1), ਭਾਵੇਂ ਪਰਮੇਸ਼ੁਰ ਦੇ ਸਾਰੇ ਵਾਇਦੇ ਸਾਡੇ ਜੀਵਨ ਕਾਲ ਵਿਚ ਪੂਰੇ ਹੋਣ ਭਾਵੇਂ ਨਾ ਹੋਣ।

*ਪਰਮੇਸ਼ੁਰ ਨੇ ਸਾਨੂੰ ਵੱਖਰਾ ਕੀਤਾ ਹੈ* (17:9-14)। ਪਰਮੇਸ਼ੁਰ ਨੇ ਨੇਮ ਦੇ ਚਿੰਨ੍ਹ ਦੇ ਰੂਪ ਵਿਚ ਸੁੰਨਤ ਦਿੱਤੀ ਹੈ। ਇਹ ਪ੍ਰਜਨਨ ਦੇ ਅੰਗ ਤੇ ਦਿੱਤਾ ਗਿਆ ਇੱਕ ਭੇਦ ਚਿੰਨ੍ਹ ਸੀ ਕਿਉਂਕਿ ਨੇਮ ਅਬਰਾਹਾਮ ਅਤੇ ਸੰਤਾਨ ਨੂੰ ਪਰਮੇਸ਼ੁਰ ਦੇ ਲਈ ਵੱਖਰਾ ਕਰਦਾ ਹੈ। ਉਮਰ ਨਾਲ ਕੋਈ ਫਰਕ ਨਹੀਂ ਪੈਂਦਾ ਸੀ, ਪੁਰਖੇ ਦੇ ਘਰ ਦੇ ਸਾਰੇ ਪੁਰਖਾਂ ਦੀ ਖੱਲੜੀ ਨੂੰ ਕੱਟ ਦਿੱਤਾ ਜਾਂਦਾ ਸੀ। ਨਰ ਬੱਚਿਆਂ ਲਈ, ਉਨ੍ਹਾਂ ਦੇ ਜਨਮ ਦੇ ਅੱਠਵੇਂ ਦਿਨ ਇਹ ਪ੍ਰਕਿਰਿਆ ਕੀਤੀ ਜਾਂਦੀ ਸੀ (17:9-12)। ਅਬਰਾਹਾਮ ਦੇ ਘਰ ਦੇ ਸਾਰੇ ਦਾਸਾਂ ਦੀ ਵੀ ਸੁੰਨਤ ਕੀਤੀ ਜਾਂਦੀ ਸੀ, ਭਾਵੇਂ ਉਹ ਆਜ਼ਾਦ ਹੋਣ ਜਾਂ ਗ਼ੁਲਾਮ ਹੋਣ (17:12, 13)। ਨੇਮ ਦਾ ਇਹ ਚਿੰਨ੍ਹ ਉਨ੍ਹਾਂ ਸਭਨਾਂ ਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੇ ਅਬਰਾਹਾਮ ਦੇ ਪਰਮੇਸ਼ੁਰ ਦੇ ਪ੍ਰਤਿ ਵਿਸ਼ਵਾਸ ਅਤੇ ਭਗਤੀ ਨੂੰ ਸਾਂਝਾ ਕੀਤਾ ਹੈ ਅਤੇ ਉਸ ਦੇ ਮੌਜੂਦਾ ਅਤੇ ਮਹਾਨ ਘਰਾਣੇ ਨਾਲ ਵਾਇਦਾ ਕੀਤੀਆਂ ਹੋਈਆਂ ਬਖਸ਼ਿਸ਼ਾਂ ਵਿਚ ਹਿੱਸਾ ਲਿਆ ਹੈ।

ਇਸ ਤੋਂ ਇਲਾਵਾ, ਇਸ ਰੀਤ ਦਾ ਅਰਥ ਪ੍ਰਭੂ ਦੇ ਲੋਕਾਂ ਦੀ ਪਹਿਚਾਣ ਹੈ, ਜਿਸ ਦਾ ਭਾਵ ਹੈ ਦਿਲ ਦੀ ਸੁੰਨਤ (ਬਿਵਸਥਾ ਸਾਰ 10:16; 30:6; ਯਿਰਮਿਯਾਹ 4:4)। ਪਰਮੇਸ਼ੁਰ ਦੇ ਪ੍ਰਤਿ ਸਮਰਪਣ ਵਿਚ ਅਸ਼ੁੱਧਤਾ, ਅਨੈਤਿਕਤਾ, ਅਤੇ ਬੁੱਤਪ੍ਰਸਤੀ ਨੂੰ ਲਾਹ ਸੁੱਟਣਾ ਸ਼ਾਮਲ ਹੈ। ਇਸ ਸੰਬੰਧ ਵਿਚ ਬਗਾਵਤ ਕਰਨ ਵਾਲੇ ਅਣਆਗਿਆਕਾਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਸੀ; ਜੋ ਲੋਕ ਨੇਮ ਦੇ ਇਸ ਚਿੰਨ੍ਹ ਦੇ ਉੱਤੇ ਧਿਆਨ ਨਹੀਂ ਦਿੰਦੇ ਸਨ ਉਨ੍ਹਾਂ ਨੂੰ ਪਰਮੇਸ਼ੁਰ ਦੇ ਲੋਕਾਂ ਵਿਚੋਂ ਛੇਕ ਦਿੱਤਾ ਜਾਂਦਾ ਸੀ (17:14)।

ਇਹ ਤੱਥ ਕਿ ਪਰਮੇਸ਼ੁਰ ਦੇ ਦੁਆਰਾ ਸੁੰਨਤ ਦੇ ਨੇਮ ਨੂੰ ਸਥਾਪਤ ਕਰਨ ਤੋਂ ਪਹਿਲਾਂ ਹੋਰ ਨਸਲੀ ਸਮੂਹਾਂ ਨੇ ਸੁੰਨਤ ਦਾ ਅਭਿਆਸ ਕੀਤਾ ਸੀ ਇਸ ਨੇ ਅਬਰਾਹਾਮ ਦੇ ਪਰਿਵਾਰ ਦੇ ਲਈ

ਇਸ ਚਿੰਨ੍ਹ ਦੇ ਮਹੱਤਵ ਨੂੰ ਘਟਾਇਆ ਨਹੀਂ ਹੈ। ਇਸ ਤੋਂ ਪਹਿਲਾਂ ਕਿ ਯਿਸੂ ਨੇ ਕਿਹਾ ਕਿ ਰੋਟੀ ਅਤੇ ਦਾਖਰਸ ਉਸ ਦੇ ਮਾਸ ਅਤੇ ਲਹੂ ਨੂੰ ਦਰਸਾਉਂਦੇ ਹਨ ਪਹਿਲੀ ਸਦੀ ਦੇ ਹੋਰਨਾਂ ਲੋਕਾਂ ਨੇ ਰੋਟੀ ਅਤੇ ਦਾਖਰਸ ਦੇ ਵਿਚ ਪ੍ਰਤੀਕਾਤਮਕ ਚਿੰਨ੍ਹਾਂ ਨੂੰ ਵੇਖਿਆ (ਮੱਤੀ 26:26-28)। ਇਸੇ ਤਰ੍ਹਾਂ, ਇਸ ਤੋਂ ਪਹਿਲਾਂ ਕਿ ਮਸੀਹੀਆਂ ਦੇ ਲਈ ਬਪਤਿਸਮੇ ਦੀ ਵਿਆਖਿਆ ਮਸੀਹ ਦੀ ਮੌਤ, ਦੱਬੇ ਜਾਣ ਅਤੇ ਜੀ ਉੱਠਣ ਦੇ ਰੂਪ ਵਿਚ ਕੀਤੀ ਗਈ ਸੀ ਕੁਝ ਧਾਰਮਿਕ ਸਮੂਹਾਂ ਨੇ ਧੋਣ ਦਾ ਅਭਿਆਸ ਕੀਤਾ ਸੀ (ਰੋਮੀਆਂ 6:1-6)। ਜਿਵੇਂਕਿ ਇਹ ਸੰਭਵ ਹੈ, ਕਿ ਸਮੇਂ ਦੇ ਬੀਤਣ ਦੇ ਨਾਲ ਨਾਲ, ਮਸੀਹੀ ਲੋਕਾਂ ਦੇ ਲਈ ਬਪਤਿਸਮੇ ਅਤੇ ਪ੍ਰਭੂ ਭੋਜ ਦਾ ਆਤਮਿਕ ਮਹੱਤਵ ਗੁਆ ਕੇ ਇਨ੍ਹਾਂ ਨੂੰ ਅਰਥਹੀਣ ਸੰਸਕਾਰ ਬਣਾਇਆ ਜਾ ਸਕਦਾ ਹੈ, ਇਸੇ ਤਰ੍ਹਾਂ ਹੀ ਸੁੰਨਤ ਦੇ ਨਾਲ ਵੀ ਸੀ। ਪੌਲੁਸ ਨੇ ਜ਼ੋਰ ਦਿੱਤਾ ਕਿ ਪਰਮੇਸ਼ੁਰ ਦੇ ਪਵਿੱਤਰ ਆਤਮਾ ਦੇ ਦੁਆਰਾ ਦਿਲ ਦੀ ਸੁੰਨਤ ਕੀਤੇ ਜਾਣ ਤੋਂ ਬਿਨਾਂ ਸਰੀਰ ਦੀ ਬਾਹਰੀ ਸੁੰਨਤ ਅਧੂਰੀ ਸੀ (ਰੋਮੀਆਂ 2:28, 29)।

ਕੁਲੁੱਸੀਆਂ ਦੀ ਪੱਤ੍ਰੀ ਵਿਚ, ਪੌਲੁਸ ਨੇ ਬਪਤਿਸਮੇ ਅਤੇ ਸੁੰਨਤ ਦਾ ਜ਼ਿਕਰ ਇਕੱਠੇ ਕੀਤਾ। ਭਾਵੇਂ ਕੁਲੁੱਸੈ ਵਿਖੇ ਗ਼ੈਰ ਯਹੂਦੀ ਮਸੀਹੀਆਂ ਦੀ ਸਰੀਰ ਵਿਚ ਸੁੰਨਤ ਨਹੀਂ ਹੋਈ ਸੀ, ਰਸੂਲ ਨੇ ਇਸ ਗੱਲ ਦੇ ਉੱਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੀ ਸੁੰਨਤ "ਹੱਥਾਂ ਨਾਲ ਕੀਤੀ ਹੋਈ ਨਹੀਂ" ਪਰ "ਮਸੀਹ ਵਾਲੀ ਸੁੰਨਤ" ਹੈ (ਕੁਲੁੱਸੀਆਂ 2:11)। ਫਿਰ ਉਸ ਨੇ ਸਮਝਾਇਆ ਕਿ "ਮਸੀਹ ਵਾਲੀ ਸੁੰਨਤ" ਉਸ ਸਮੇਂ ਹੁੰਦੀ ਹੈ ਜਦੋਂ ਇੱਕ ਵਿਅਕਤੀ ਸਰੀਰਕ ਤੌਰ ਤੇ (ਹੱਥਾਂ ਨਾਲ) "ਬਪਤਿਸਮਾ ਵਿੱਚ ਉਹ [ਮਸੀਹ] ਦੇ ਨਾਲ ਦੱਬਿਆ ਜਾਂਦਾ ਹੈ" ਅਤੇ "ਜਿਹ ਵਿੱਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹ ਨੂੰ ਮੁਰਦਿਆਂ ਵਿੱਚੋਂ ਉਠਾਇਆ ਉਹ ਦੇ ਨਾਲ ਉਠਾਇਆ ਵੀ ਜਾਂਦਾ ਹੈ" (ਕੁਲੁੱਸੀਆਂ 2:12)। ਅਖੀਰ ਵਿਚ, ਪੌਲੁਸ ਨੇ ਇਨ੍ਹਾਂ ਭਰਾਵਾਂ ਨੂੰ ਕਿਹਾ ਕਿ, ਭਾਵੇਂ ਉਹ "ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ," ਫਿਰ ਵੀ ਉਨ੍ਹਾਂ ਦੇ ਉੱਤੇ ਇੱਕ ਆਤਮਿਕ ਸੁੰਨਤ ਕੀਤੀ ਗਈ ਸੀ, "ਉਹ ਦੇ ਨਾਲ ਜਿਵਾਲਿਆ ਕਿਉਂਕਿ ਉਸ ਨੇ [ਉਨ੍ਹਾਂ ਦੇ] ਅਪਰਾਧ [ਉਨ੍ਹਾਂ ਨੂੰ] ਮਾਫ਼ ਕੀਤੇ" (ਕੁਲੁੱਸੀਆਂ 2:13)। ਇਹ ਪਰਮੇਸ਼ੁਰ ਹੈ ਜਿਸ ਨੇ ਕੁਲੁੱਸੈ ਦੇ ਲੋਕਾਂ ਦੀ ਆਤਮਿਕ ਸੁੰਨਤ ਕੀਤੀ ਸੀ, ਅਤੇ ਉਹ ਅੱਜ ਵੀ ਸਾਡੇ ਨਾਲ ਉਹੀ ਕਰਦਾ ਹੈ: ਜਦੋਂ ਅਸੀਂ ਵਿਸ਼ਵਾਸ ਵਿਚ ਉਸ ਦੀ ਆਗਿਆਕਾਰੀ ਕਰਦੇ ਹਾਂ, ਬਪਤਿਸਮੇ ਦੇ ਪਾਣੀ ਵਿਚ ਉਸ ਦੇ ਨਾਲ ਦਫਨਾਏ ਜਾਂਦੇ ਹਾਂ, ਤਾਂ ਉਹ ਸਾਡੇ ਦਿਲਾਂ ਦੇ ਪਾਪਾਂ ਨੂੰ ਦੂਰ (ਹਟਾ ਦਿੰਦਾ ਹੈ) ਕਰ ਦਿੰਦਾ ਹੈ। ਬਪਤਿਸਮੇ ਵਿਚ, ਪਛਚਾਤਾਪੀ ਵਿਸ਼ਵਾਸੀ ਆਤਮਿਕ ਤੌਰ ਤੇ ਅਤੇ ਪ੍ਰਤੀਕਾਤਮਕ ਰੂਪ ਵਿਚ ਉਸ ਨੂੰ ਮਹਿਸੂਸ ਕਰਦਾ ਹੈ ਜੋ ਯਿਸੂ ਨੇ ਸਰੀਰਕ ਤੌਰ ਤੇ ਭੋਗਿਆ ਹੈ। ਪਾਪ ਦੇ ਪ੍ਰਤਿ ਇਸ ਮੌਤ ਤੋਂ ਬਾਅਦ, ਇੱਕ ਨਵੇਂ ਮਸੀਹੀ ਨੂੰ ਜੀਵਨ ਦੀ ਨਵੀਨਤਾ ਵਿਚ ਚੱਲਣ ਦੇ ਲਈ ਉਠਾਇਆ ਜਾਂਦਾ ਹੈ (ਰੋਮੀਆਂ 6:3-6)।

*ਪਰਮੇਸ਼ੁਰ ਸਾਨੂੰ ਅੱਗੇ ਵਧਾਉਂਦਾ ਹੈ* (17:15-22)। ਪਰਮੇਸ਼ੁਰ ਨੇ ਨੇਮ ਦੀ ਪੂਰਤੀ ਦੇ ਲਈ ਇੱਕ ਨਵਾਂ, ਅਸੰਭਵ ਵਾਹਨ ਦਾ ਨਾਮ ਦਿੱਤਾ ਗਿਆ ਹੈ। ਇੱਕ ਪੁੱਤਰ ਅਤੇ ਬਹੁਤ ਸਾਰੀ ਅੰਸ ਦਾ ਵਾਇਦਾ ਕੀਤਾ ਗਿਆ ਹੈ ਹੁਣ ਸਾਰਾਹ, ਉਸ ਦੀ ਪਤਨੀ ਵਾਇਦਾ ਕੀਤੇ ਗਏ ਬੱਚੇ ਦੀ ਮਾਂ ਦੇ ਰੂਪ ਸ਼ਾਮਲ ਕਰਨ ਦੇ ਨਾਲ ਛੋਟਾ ਕੀਤਾ ਗਿਆ ਸੀ। ਹਾਜਰਾ ਦੇ ਨਾਲ ਤਜ਼ਰਬੇ ਦੇ ਜਰੀਏ ਉਨ੍ਹਾਂ ਨੇ ਪਹਿਲਾਂ ਤੋਂ ਹੀ ਪਤਾ ਲਗਾ ਲਿਆ ਸੀ ਕਿ ਕਿਰਾਏ ਦੀ ਮਾਂ ਕਾਫੀ ਨਹੀਂ ਹੋਵੇਗੀ। ਜਿੰਨਾ ਮਹੱਤਵਪੂਰਣ ਸੀ ਕਿ ਅਬਰਾਹਾਮ ਵਾਇਦੇ ਦੀ ਸੰਤਾਨ ਦਾ ਪਿਤਾ ਹੋਵੇ ਉਨ੍ਹਾਂ ਹੀ ਮਹੱਤਵਪੂਰਣ ਸੀ ਕਿ ਵਾਇਦਾ ਕੀਤੇ ਹੋਏ ਪੁੱਤਰ ਦੀ ਮਾਂ ਸਾਰਾਹ ਹੋਵੇ।

ਇੱਕ ਨਿਸ਼ਾਨ ਦੇ ਰੂਪ ਵਿਚ ਕਿ ਪਰਮੇਸ਼ੁਰ ਪੁਰਖੇ ਨੂੰ ਉਸ ਦੀ ਪੂਰਵ ਬਾਂਝ ਪਤਨੀ ਦੇ ਦੁਆਰਾ ਇੱਕ ਪੁੱਤਰ ਦੇਵੇਗਾ, ਪ੍ਰਭੂ ਨੇ ਉਸ ਦਾ ਨਾਮ "ਸਾਰਈ" ਤੋਂ "ਸਾਰਾਹ" ਵਿਚ ਬਦਲ ਦਿੱਤਾ

(17:15)। ਨਾਮਾਂ ਦੇ ਵਿਚ ਭਾਵੇਂ ਕੋਈ ਵੀ ਭੇਦ ਕਿਉਂ ਨਾ ਹੋਵੇ, ਪਰ ਅਬਰਾਹਾਮ ਨੂੰ ਇਹ ਸੋਚ ਕੇ ਹਾਸਾ ਆ ਰਿਹਾ ਸੀ ਕਿ ਲਗਭਗ ਨੱਬੇ ਸਾਲਾਂ ਦੀ ਇੱਕ ਇਸਤਰੀ ਇੱਕ ਬੱਚੇ ਨੂੰ ਕਿਵੇਂ ਜਨਮ ਦੇ ਸਕੇਗੀ। ਉਹ ਧਰਤੀ ਉੱਤੇ ਮੂੰਹ ਭਾਰ ਡਿੱਗ ਪਿਆ ਅਤੇ ਅਵਿਸ਼ਵਾਸ ਦੇ ਵਿਚ ਹੱਸਿਆ ਅਤੇ ਉਸ ਨੇ ਪਰਮੇਸ਼ੁਰ ਨੂੰ ਸੁਝਾਅ ਦਿੱਤਾ ਜੋ ਉਸ ਦੇ ਵਿਚਾਰ ਅਨੁਸਾਰ ਉਸ ਦੇ ਲਈ ਬੱਚਾ ਪ੍ਰਾਪਤ ਕਰਨ ਦੀ ਹੋਰ ਵੀ ਵਧੀਆ ਯੋਜਨਾ ਸੀ ਜੋ ਕੌਮਾਂ ਅਤੇ ਰਾਜਿਆਂ ਦਾ ਪਿਤਾ ਹੋਵੇਗਾ – ਅਰਥਾਤ ਇਸਮਾਏਲ ਨੂੰ ਚੁਣੇ ਹੋਏ ਵਾਰਸ ਦੇ ਰੂਪ ਵਿਚ ਮਾਨਤਾ ਦਿੱਤੀ ਜਾ ਸਕਦੀ ਹੈ (17:16-18)। ਬੱਚਾ ਹੁਣ ਤੇਰਾਂ ਸਾਲਾਂ ਦਾ ਸੀ, ਅਤੇ ਅਬਰਾਹਾਮ ਇਸ ਗੱਲ ਤੋਂ ਹੈਰਾਨ ਸੀ ਕਿ ਪਰਮੇਸ਼ੁਰ ਉਸ ਨੂੰ ਵਾਇਦੇ ਦੀ ਸੰਤਾਨ ਵਜੋਂ ਕਿਉਂ ਗ੍ਰਹਿਣ ਨਹੀਂ ਕਰੇਗਾ। ਨਿਸ਼ਚਤ ਤੌਰ ਤੇ, ਅਬਰਾਹਾਮ ਦੁਸਾਹਸੀ ਰਿਹਾ ਸੀ। ਉਹ ਫਿਰ ਤੋਂ ਇਸ ਗੱਲ ਦਾ ਪ੍ਰਦਰਸ਼ਣ ਕਰ ਰਿਹਾ ਸੀ ਕਿ ਉਸ ਨੂੰ ਇੱਕ ਮਹਾਨ ਵਿਸ਼ਵਾਸ ਦੀ ਲੋੜ ਸੀ, ਜਿਸ ਦੀ ਅਜਿਹੀਆਂ ਸਥਿਤੀਆਂ ਵਿਚ ਸਾਡੇ ਵਿਚੋਂ ਹਰ ਇੱਕ ਨੂੰ ਲੋੜ ਹੁੰਦੀ ਹੈ। ਪਰ, ਪਰਮੇਸ਼ੁਰ ਨੂੰ ਉਸ ਦੀ ਸਲਾਹ ਦੀ ਲੋੜ ਨਹੀਂ ਸੀ, ਨਾ ਹੀ ਉਸ ਨੂੰ ਸਾਡੀ ਸਲਾਹ ਦੀ ਲੋੜ ਹੁੰਦੀ ਹੈ। ਪ੍ਰਭੂ ਜਾਣਦਾ ਸੀ ਕਿ ਉਹ ਕੀ ਕਰ ਰਿਹਾ ਸੀ ਅਤੇ ਸਭ ਕੁਝ-ਉਸ ਦੇ ਨਿਯੰਤਰਣ ਵਿਚ ਸੀ; ਤਾਂ ਵੀ ਉਹ ਅਬਰਾਹਾਮ ਦੇ ਵਿਸ਼ਵਾਸ ਦੀ ਕਮੀ ਦੇ ਪ੍ਰਤੀ ਧੀਰਜਵਾਨ ਸੀ, ਜਿਵੇਂ ਉਹ ਸਾਡੇ ਅਵਿਸ਼ਵਾਸ ਦੇ ਪ੍ਰਤਿ ਧੀਰਜਵਾਨ ਰਹਿੰਦਾ ਹੈ।

ਇਹ ਇੱਕ ਮੁਸ਼ਕਲ ਪਾਠ ਸੀ ਜੋ ਕੌਮਾਂ ਦੇ ਪਿਤਾ ਨੇ ਸਿੱਖਣਾ ਸੀ, ਜਦਕਿ ਉਹ ਇੰਨੇ ਸਾਲ ਅਧੂਰੇ ਵਾਇਦਿਆਂ ਦੇ ਨਾਲ ਜੂਝਦਾ ਆਇਆ ਸੀ। ਬਾਈਬਲ ਵਿਚ ਅਬਰਾਹਾਮ ਨੂੰ ਵਿਸ਼ਵਾਸ ਦੇ ਇੱਕ ਹੀਰੋ ਦੇ ਰੂਪ ਵਿਚ ਸੂਚੀਬੱਧ ਕੀਤਾ ਗਿਆ ਹੈ ਕਿਉਂਕਿ, ਹਾਲਾਂਕਿ ਉਸ ਨੂੰ ਕੋਈ ਰਾਹ ਨਜ਼ਰ ਨਹੀਂ ਆ ਰਿਹਾ ਸੀ ਕਿ ਪਰਮੇਸ਼ੁਰ ਸਾਰਾਹ ਦੇ ਦੁਆਰਾ ਕਿਵੇਂ ਆਪਣੇ ਵਾਇਦੇ ਨੂੰ ਪੂਰਾ ਕਰੇਗਾ, ਤਾਂ ਵੀ ਉਸ ਦੇ ਅੰਦਰ ਵਿਸ਼ਵਾਸ ਸੀ। ਮਨੁੱਖੀ ਦ੍ਰਿਸ਼ਟੀਕੋਣ ਤੋਂ, ਪਰਮੇਸ਼ੁਰ ਨੇ ਜੋ ਵਾਇਦਾ ਕੀਤਾ ਸੀ ਉਹ ਅਸੰਭਵ ਸੀ; ਪਰ ਪੌਲੁਸ ਨੇ ਕਿਹਾ ਕਿ ਅਬਰਾਹਾਮ ਨੇ ਪਰਮੇਸ਼ੁਰ ਤੇ "ਵਿਸ਼ਵਾਸ ਕੀਤਾ," "ਜਿਹੜਾ ਮੁਰਦਿਆਂ ਨੂੰ ਜਿਵਾਲਦਾ ਅਤੇ ਅਣਹੋਈਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਓਹ ਸਨਮੁਖ ਹਨ" (ਰੋਮੀਆਂ 4:17)। ਰਸੂਲ ਨੇ ਅੱਗੇ ਕਿਹਾ, "ਨਿਰਾਸਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ, ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇ," ਭਾਵੇਂ "ਜਦੋਂ ਉਸ ਨੇ ਧਿਆਨ ਕੀਤਾ ਭਈ ਮੇਰੀ ਦੇਹ ਹੁਣ ਮੁਰਦੇ ਵਰਗੀ ਹੋ ਗਈ," ਇਸ ਦੇ ਨਾਲ ਹੀ "ਸਾਰਾਹ ਦੀ ਕੁੱਖ ਨੂੰ ਸੋਕਾ ਲੱਗ ਗਿਆ ਹੈ" (ਰੋਮੀਆਂ 4:18, 19)।

"ਨਿਰਾਸਾ ਵਿਚ ਆਸ ਨਾਲ" ਉਹ ਹਮੇਸ਼ਾ ਪਰਮੇਸ਼ੁਰ ਦੇ ਲੋਕਾਂ ਦੇ ਲਈ ਇੱਕ ਚੁਨੌਤੀ ਰਿਹਾ ਹੈ। ਬਾਅਦ ਵਿਚ, ਜਦੋਂ ਇਸਰਾਈਲੀ ਮਿਸਰ ਵਿਚ ਸਨ, ਉਨ੍ਹਾਂ ਨੇ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਪਰਮੇਸ਼ੁਰ ਨੂੰ ਬਹੁਤ ਘੱਟ ਯਾਦ ਰੱਖਿਆ ਸੀ; ਪਰ, ਉਹ ਮੂਰਤੀਪੂਜਾ ਵਿਚ ਲੱਗ ਕੇ ਮਿਸਰ ਦੇ ਦੇਵਤਿਆਂ ਦੀ ਪੂਜਾ ਕਰਦੇ ਸਨ (ਯਹੋਸ਼ੁਆ 24:14)। ਉਹ ਮਰੇ ਹੋਏ ਆਦਮੀਆਂ ਵਰਗੇ ਸਨ, ਜੋ ਸੰਸਾਰ ਵਿੱਚ ਬਿਨਾਂ ਕਿਸੇ ਆਤਮਿਕ ਜਾਂ ਸਰੀਰਕ ਛੁਟਕਾਰੇ ਦੀ ਆਸ ਵਿਚ ਚੱਲ ਰਹੇ ਸਨ। ਆਖਿਰਕਾਰ, ਪਰਮੇਸ਼ੁਰ ਨੇ ਮੂਸਾ ਦੇ ਦੁਆਰਾ – ਮਿਸਰੀਆਂ ਦੇ ਉੱਤੇ ਦੱਸ ਬਵਾਂ ਭੇਜਣ ਦੇ ਦੁਆਰਾ ਦਖਲਅੰਦਾਜ਼ੀ ਕੀਤੀ ਤਾਂ ਕਿ ਉਹ ਉਨ੍ਹਾਂ ਨੂੰ ਗੁਲਾਮੀ ਦੇ ਬੰਧਨਾਂ ਤੋਂ ਅਜ਼ਾਦ ਕਰ ਦੇਵੇ। ਤਬਾਹੀ ਮਚਾਉਣ ਵਾਲੀਆਂ ਬਵਾਂ ਦੇ ਦੁਆਰਾ ਮਿਸਰ ਬਹੁਤ ਹੀ ਦੁਖੀ ਹੋਇਆ ਸੀ, ਆਖਿਰਕਾਰ ਫ਼ਿਰਊਨ ਦਾ ਘਮੰਡ ਟੁੱਟ ਗਿਆ। ਉਸ ਨੇ ਫੈਸਲਾ ਕਰ ਲਿਆ ਕਿ ਉਹ ਇਸਰਾਈਲੀਆਂ ਨੂੰ ਜਾਣ ਦੇਵੇ। ਜਦੋਂ ਉਹ ਮਿਸਰ ਤੋਂ ਨਿਕਲ ਰਹੇ, ਤਾਂ ਰਾਜੇ ਨੇ ਆਪਣਾ ਮਨ ਬਦਲ ਲਿਆ ਅਤੇ ਉਨ੍ਹਾਂ ਦੇ ਪਿੱਛੇ ਆਪਣੀ ਫੌਜ਼ ਲਾ ਦਿੱਤੀ। ਇਬਰਾਨੀ ਘੇਰੇ ਗਏ ਸਨ, ਉਨ੍ਹਾਂ ਦੇ ਅੱਗੇ ਸਮੁੰਦਰ ਅਤੇ ਪਿੱਛੇ ਮਿਸਰੀ ਸਨ; ਮਨੁੱਖੀ ਦ੍ਰਿਸ਼ਟੀਕੋਣ ਦੇ ਦੁਆਰਾ ਛੁਟਕਾਰਾ ਪਾ ਸਕਣਾ

ਅਸੰਭਵ ਜਾਪ ਰਿਹਾ ਸੀ।

ਉਸ ਮੌਕੇ ਤੇ, ਪਰਮੇਸ਼ੁਰ ਨੇ ਚਮਤਕਾਰੀ ਢੰਗ ਦੇ ਨਾਲ ਦਖਲਅੰਦਾਜ਼ੀ ਕੀਤੀ ਸੀ। ਉਸ ਨੇ ਮੂਸਾ ਨੂੰ ਨਿਰਦੇਸ਼ ਦਿੱਤਾ ਕਿ ਠੰਡਾ ਜਿਹਾ ਹੁਕਮ ਦਿੱਤਾ ਜਾਵੇ ਜੋ ਇਸਰਾਈਲੀਆਂ ਨੂੰ ਮੌਤ ਦੇ ਸਜ਼ਾ ਦੇ ਵਾਂਗ ਜਾਪ ਰਿਹਾ ਹੋਵੇਗਾ: "ਅੱਗੇ ਤੁਰੋ [ਸਮੁੰਦਰ ਵਿਚ]" (ਕੂਚ 14:15)। ਜਦੋਂ ਮੂਸਾ ਨੇ ਆਪਣੇ ਢਾਂਗੇ ਨੂੰ ਚੁੱਕਿਆ ਅਤੇ "ਸਮੁੰਦਰ ਉੱਤੇ ਲੰਮਾ ਕੀਤਾ," ਤਾਂ ਪਾਣੀ ਦੋ ਹਿੱਸੇ ਹੋ ਗਿਆ ਅਤੇ ਦੋਵੇਂ ਪਾਸੇ ਪਾਣੀ ਦੀਆਂ ਦੀਵਾਰਾਂ ਖੜ੍ਹੀਆਂ ਸਨ (ਕੂਚ 14:16, 21, 22)। ਫਿਰ ਉਨ੍ਹਾਂ ਦੇ ਸਾਹਮਣੇ, ਉੱਤੇ, ਅਤੇ ਪਿੱਛੇ ਇੱਕ ਬੱਦਲ ਸੀ; ਅਤੇ ਇਹ ਬੱਦਲ ਰਾਤ ਦੇ ਸਮੇਂ ਅੱਗ ਦਾ ਇੱਕ ਖੰਭਾ ਬਣ ਗਿਆ ਸੀ, ਜੋ ਉਨ੍ਹਾਂ ਨੂੰ ਮਿਸਰ ਦੀਆਂ ਫੌਜ਼ਾਂ ਤੋਂ ਵੱਖਰਾ ਕਰ ਰਿਹਾ ਸੀ ਜੋ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ (ਕੂਚ 14:19-24)। ਇਹ ਸਭ ਕੁਝ ਮਨੁੱਖੀ ਦ੍ਰਿਸ਼ਟੀਕੋਣ ਤੋਂ ਅਸੰਭਵ ਸੀ! ਜਦੋਂ ਇਸਰਾਈਲੀ ਉਸ "ਮੌਤ ਦੀ ਛਾਂ ਦੀ ਵਾਦੀ ਵਿਚ ਗਏ" (ਜ਼ਬੂਰ 23:4), ਤਾਂ ਉਨ੍ਹਾਂ ਨੇ ਵਿਸ਼ਵਾਸ ਕੀਤਾ ਕਿ ਪਰਮੇਸ਼ੁਰ, ਮੂਸਾ ਦੀ ਅਗਵਾਈ ਨੂੰ ਇਸਤੇਮਾਲ ਕਰਕੇ, ਉਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਦੇ ਨਾਲ ਉਸ ਵਿਚੋਂ ਸਹੀ ਸਲਾਮਤ ਲੈ ਜਾਵੇਗਾ। ਜੋ ਪਾਣੀ ਵਿਚ ਉਨ੍ਹਾਂ ਦੀ ਕਬਰ ਜਾਪ ਰਹੀ ਸੀ ਉਹ ਅਸਲ ਵਿਚ ਦੂਸਰੇ ਕਿਨਾਰੇ ਦੇ ਪਾਰ ਜੀਵਨ ਦਾ ਨਵਾਂ ਰਾਹ ਬਣ ਗਿਆ ਸੀ। ਪੌਲੁਸ ਨੇ ਇਸ ਅਨੁਭਵ ਨੂੰ 1 ਕੁਰਿੰਥੀਆਂ 10:1, 2 ਵਿਚ ਬਪਤਿਸਮੇ ਦੇ ਨਾਲ ਜੋੜਿਆ ਹੈ। ਇੱਕ ਅਸੰਭਵ ਛੁਟਕਾਰਾ ਪਰਮੇਸ਼ੁਰ ਦੀ ਸਮਰੱਥ ਦੀ ਇੱਕ ਸੱਚਾਈ ਬਣ ਗਿਆ। ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਕਿਹਾ ਕਿ ਇਹ "ਨਿਹਚਾ ਨਾਲ" ਸੀ ਕਿ ਇਸਰਾਈਲੀ "ਲਾਲ ਸਮੁੰਦਰ ਦੇ ਵਿੱਚ ਦੀ ਜਿਵੇਂ ਸੁੱਕੀ ਜ਼ਮੀਨ ਉੱਤੇ ਦੀ ਪਾਰ ਲੰਘ ਗਏ" (ਇਬਰਾਨੀਆਂ 11:29); ਪਰ ਇਹ ਆਗਿਆਕਾਰੀ ਵਿਸ਼ਵਾਸ ਸੀ ਜਿਸ ਨੇ ਉਨ੍ਹਾਂ ਦੇ ਪੈਰਾਂ ਨੂੰ ਰਾਤ ਦੇ ਵੇਲੇ ਚੱਲਣ ਦੇ ਯੋਗ ਬਣਾਇਆ ਤਾਂ ਕਿ ਉਹ ਦੂਸਰੇ ਕੰਢੇ ਤੇ ਪਰਮੇਸ਼ੁਰ ਦਾ ਮੁਕਤੀ ਦਾ ਅਨੁਭਵ ਕਰ ਸਕਣ (ਕੂਚ 14:20, 22, 24)।

*ਪਰਮੇਸ਼ੁਰ ਉਮੀਦ ਕਰਦਾ ਹੈ ਕਿ ਅਸੀਂ ਸੰਕੋਚ ਨਾ ਕਰੀਏ* (17:23-27)। ਅਬਰਾਹਾਮ ਨੇ ਜਲਦੀ ਨਾਲ ਨੇਮ ਦੇ ਹੁਕਮ ਦੀ ਪਾਲਣਾ ਕੀਤੀ। ਜਦੋਂ ਪਰਮੇਸ਼ੁਰ ਨੇ ਨੇਮ ਨੂੰ ਨਵਾਂ ਬਣਾਇਆ, ਨਵੇਂ ਨਾਮਾਂ ਦਾ ਖੁਲਾਸਾ ਕੀਤਾ ਜੋ ਉਸ ਨੇ ਉਸ ਦੇ ਅਤੇ ਸਾਰਾਹ, ਅਤੇ ਵਾਇਦੇ ਕੀਤੇ ਹੋਏ ਬੱਚੇ (ਇਸਹਾਕ) ਦੇ ਲਈ ਚੁਣੇ ਸਨ ਤਾਂ ਉਸ ਨੇ ਵਿਸ਼ਵਾਸ ਦੀ ਇੱਕ ਬੇਦਾਰੀ ਦਾ ਅਨੁਭਵ ਕੀਤਾ। ਭਾਵੇਂ ਕਿ ਇਸਮਾਏਲ ਵਾਰਿਸ ਨਹੀਂ ਹੋਵੇਗਾ, ਪਰ ਅਬਰਾਹਾਮ ਨੂੰ ਇਹ ਜਾਣਨ ਲਈ ਉਤਸਾਹਿਤ ਕੀਤਾ ਗਿਆ ਕਿ ਪਰਮੇਸ਼ੁਰ ਦੀਆਂ ਭਰਪੂਰ ਬਰਕਤਾਂ ਉਸ ਉੱਤੇ ਆਉਣਗੀਆਂ ਅਤੇ ਉਸ ਨੂੰ ਬਾਰਾਂ ਸ਼ਜ਼ਾਦਿਆਂ ਦਾ ਪੁਰਖਾ ਅਤੇ ਇੱਕ ਵੱਡੀ ਕੌਮ ਦਾ ਪੁਰਖਾ ਬਣਨ ਦੇ ਯੋਗ ਬਣਾਉਣਗੀਆਂ (17:20)। ਵਿਸ਼ਵਾਸੀਆਂ ਦਾ ਪਿਤਾ ਨੇਮ ਦੇ ਨਵੇਂ ਚਿੰਨ੍ਹ ਬਾਰੇ ਪਰਮੇਸ਼ੁਰ ਦੇ ਹੁਕਮ ਦੀ ਪਾਲਣਾ ਕਰਨ ਤੋਂ ਨਹੀਂ ਝਿਜਕਿਆ। ਉਤਪਤ ਦੇ ਲੇਖਕ ਦੇ ਅਨੁਸਾਰ, ਅਬਰਾਹਾਮ ਨੇ ਉਸੇ ਦਿਨ ਆਪਣੀ ਸੁੰਨਤ ਕਰਵਾਈ। ਇਸ ਤੋਂ ਇਲਾਵਾ, ਉਸ ਨੇ ਉਸੇ ਦਿਨ ਆਪਣੇ ਪੁੱਤਰ ਇਸਮਾਏਲ ਅਤੇ ਸਾਰੇ ਪੁਰਖ ਦਾਸਾਂ ਦੀ ਖੱਲੜੀ ਦੀ ਉਸੇ ਦਿਨ ਸੁੰਨਤ ਕਰਾਈ (17:23-27)।

ਅਬਰਾਹਾਮ ਦੇ ਦੁਆਰਾ ਤੁਰੰਤ ਆਗਿਆਕਾਰੀ ਕਰਨਾ ਉਹ ਪ੍ਰਤਿਕਿਰਿਆ ਹੈ ਜਿਸ ਦੀ ਪਰਮੇਸ਼ੁਰ ਹਮੇਸ਼ਾ ਇੱਛਾ ਰੱਖਦਾ ਹੈ। ਇਹ ਪਰਮੇਸ਼ੁਰ ਦੇ ਪ੍ਰਤਿ ਵਿਸ਼ਵਾਸ ਅਤੇ ਆਦਰ ਦਾ ਸੰਕੇਤ ਹੈ, ਜੋ ਆਪਣੇ ਲੋਕਾਂ ਨੂੰ ਪਿਆਰ ਕਰਦਾ ਹੈ। ਪਰਮੇਸ਼ੁਰ ਸਾਡੀ ਭਲਾਈ ਦੀ ਚਿੰਤਾ ਕਰਦਾ ਹੈ ਅਤੇ ਸਾਡੇ ਜੀਵਨਾਂ ਨੂੰ ਉਸ ਦਿਸ਼ਾ ਵੱਲ ਮੋੜਦਾ ਹੈ ਜਿੱਧਰ ਸਾਨੂੰ ਜਾਣਾ ਚਾਹੀਦਾ ਹੈ ਤਾਂ ਕਿ ਅਸੀਂ ਉਸ ਦੀਆਂ ਅਸੀਸਾਂ ਦਾ ਅਨੁਭਵ ਕਰ ਸਕੀਏ। ਇੱਕ ਪ੍ਰੇਮੀ ਪਿਤਾ ਦੇ ਰੂਪ ਵਿਚ, ਉਹ ਹਮੇਸ਼ਾ ਸਾਡੀ ਭਲਿਆਈ ਦੇ ਲਈ ਅਜਿਹਾ ਕਰਦਾ ਹੈ, ਤਾਂ ਕਿ ਸਾਨੂੰ ਅਣਆਗਿਆਕਾਰੀ ਦੇ

ਸਿੱਟਿਆਂ ਨੂੰ ਨਾ ਭੋਗਣਾ ਪਵੇ।

ਝਿਜਕਣ ਦੇ ਖਤਰੇ ਦੀ ਇੱਕ ਖਤਰਨਾਕ ਮਿਸਾਲ ਇਸਰਾਈਲ ਨੇ ਕਨਾਨ ਦੇ ਉੱਤੇ ਜਿੱਤ ਦੇ ਪਰਮੇਸ਼ੁਰ ਦੇ ਵਾਇਦੇ ਦਾ ਦਾਅਵਾ ਕਰਨ ਦਾ ਤੁਰੰਤ ਪਾਲਣ ਕਰਨ ਤੋਂ ਇਨਕਾਰ ਕਰ ਦਿੱਤਾ। ਉਹ ਮੂਸਾ, ਹਾਰੂਨ, ਕਾਲੇਬ ਅਤੇ ਯਹੋਸ਼ੁਆ ਦੇ ਵਿਰੁੱਧ ਕੁੜਕੁੜਾਏ ਅਤੇ ਉਨ੍ਹਾਂ ਨੂੰ ਪੱਥਰ ਮਾਰਨਾ ਚਾਹੁੰਦੇ ਸਨ; ਪਰ ਉਨ੍ਹਾਂ ਦੇ ਵਿਦਰੋਹ ਦੀ ਉਚਾਈ ਪਰਮੇਸ਼ੁਰ ਦੇ ਵਿਰੁੱਧ ਸੀ। ਉਨ੍ਹਾਂ ਉਸ ਦੇ ਉੱਤੇ ਦੋਸ਼ ਲਾਇਆ ਕਿ ਉਹ ਬੁਰੇ ਇਰਾਦਿਆਂ ਦੇ ਕਾਰਣ ਉਨ੍ਹਾਂ ਨੂੰ ਉਜਾੜ ਵਿਚ ਲੈ ਆਇਆ ਹੈ ਭਈ ਅਸੀਂ ਤੇਗ ਨਾਲ ਡਿੱਗੀਏ (ਗਿਣਤੀ 14:1-10)। ਮੂਸਾ ਨੇ ਲੋਕਾਂ ਦੇ ਲਈ ਇਹ ਕਹਿੰਦੇ ਹੋਏ ਬੇਨਤੀ ਕੀਤੀ, ਪ੍ਰਭੂ ਉਨ੍ਹਾਂ ਦੇ ਵਿਦਰੋਹ ਦੇ ਪਾਪ ਦੇ ਲਈ ਉਨ੍ਹਾਂ ਨੂੰ ਮਾਫ਼ ਕਰ ਦੇਵੇ, ਜੋ ਉਨ੍ਹਾਂ ਦੇ ਅਵਿਸ਼ਵਾਸ ਤੋਂ ਪੈਦਾ ਹੋਇਆ ਸੀ। ਪਰਮੇਸ਼ੁਰ ਨੇ ਉਸ ਕੌਮ ਨੂੰ ਮਾਫ਼ ਕਰ ਦਿੱਤਾ; ਪਰ, ਉਨ੍ਹਾਂ ਦੇ ਲਈ ਇਸ ਪਾਪ ਦਾ ਅਸਥਾਈ ਨਤੀਜਾ ਚਾਲੀ ਸਾਲਾਂ ਤੱਕ ਜੰਗਲ ਵਿਚ ਭਟਕਦੇ ਰਹਿਣਾ ਸੀ ਜਦੋਂ ਤੱਕ ਵਿਦਰੋਹੀਆਂ ਦੀ ਪੀੜ੍ਹੀ ਮਰ ਨਾ ਗਈ। ਮਹਾਨ ਦੁਖਾਂਤ ਇਹ ਸੀ ਕਿ ਇਸਰਾਈਲ ਕੋਲ ਮਿਸਰ ਤੋਂ ਬਾਹਰ ਜਾਣ ਲਈ ਕਾਫੀ ਵਿਸ਼ਵਾਸ ਸੀ, ਪਰ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਅਤੇ ਵਾਇਦਾ ਕੀਤੇ ਹੋਏ ਦੇਸ ਵਿਚ ਪ੍ਰਵੇਸ਼ ਕਰਨ ਦੇ ਲਈ ਕਾਫੀ ਵਿਸ਼ਵਾਸ ਨਹੀਂ ਸੀ (ਗਿਣਤੀ 14:19-35)। ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਇਸ ਕਹਾਣੀ ਨੂੰ ਮਸੀਹੀਆਂ ਦੇ ਲਈ ਇੱਕ ਚੇਤਾਵਨੀ ਦੇ ਰੂਪ ਵਿਚ ਇਸਤੇਮਾਲ ਕੀਤਾ ਉਨ੍ਹਾਂ ਦੇ ਅੰਦਰ ਅਵਿਸ਼ਵਾਸੀ ਬੁਰੇ ਦਿਲ ਨਾ ਹੋਣ ਜੋ ਉਨ੍ਹਾਂ ਨੂੰ ਪਰਮੇਸ਼ੁਰ ਤੋਂ ਦੂਰ ਕਰ ਦੇਣ, ਜਿਵੇਂ ਇਸਰਾਈਲ ਨੇ ਕੀਤਾ ਸੀ (ਇਬਰਾਨੀਆਂ 3:7-12)। ਉਸ ਨੇ ਜ਼ੋਰ ਦਿੱਤਾ ਕਿ ਪਰਮੇਸ਼ੁਰ ਚਾਲੀ ਸਾਲ ਉਨ੍ਹਾਂ ਦੇ ਨਾਲ ਗਰੰਜ ਰਿਹਾ, ਜਿਵੇਂ ਕਿ ਉਨ੍ਹਾਂ ਦੀਆਂ "ਲੋਥਾਂ ਉਜਾੜ ਵਿੱਚ ਪਈਆਂ ਰਹੀਆਂ," ਇਹ ਅਵਿਸ਼ਵਾਸ ਦੇ ਕਾਰਣ ਹੋਇਆ ਸੀ ਜਿਸ ਨੇ ਉਨ੍ਹਾਂ ਦੀ ਅਗਵਾਈ ਕੀਤੀ ਕਿ ਉਹ ਅਣਆਗਿਆਕਾਰੀ ਕਰਨ (ਇਬਰਾਨੀਆਂ 3:17-19)।

ਇੰਜੀਲ (ਖੁਸ਼ਖਬਰੀ) ਦੇ ਪ੍ਰਤਿ ਤੁਰੰਤ ਆਗਿਆਕਾਰੀ ਮਹੱਤਵਪੂਰਣ ਹੈ; ਇਸ ਨੂੰ ਹੋਰ ਵੀ ਸੁਵਿਧਾਜਨਕ ਸਮੇਂ ਦੇ ਲਈ ਮੁਲਤਵੀ ਨਹੀਂ ਕਰਨਾ ਚਾਹੀਦਾ ਹੈ। ਵਿਸ਼ਵਾਸ ਦੀ ਰਾਖੀ ਕਰਨਾ ਸਦਾ ਵਿਸ਼ਵਾਸ ਦੀ ਆਗਿਆਕਾਰੀ ਕਰਨਾ ਹੈ (ਯੂਹੰਨਾ 3:36; ਇਬਰਾਨੀਆਂ 5:8, 9)। ਨਵੇਂ ਨੇਮ ਵਿਚ, ਜਦੋਂ ਲੋਕ ਆਪਣੇ ਪਾਪ ਨੂੰ ਮੰਨਦੇ ਅਤੇ ਯਿਸੂ ਮਸੀਹ ਨੂੰ ਉਨ੍ਹਾਂ ਦਾ ਮੁਕਤੀਦਾਤਾ ਅਤੇ ਪ੍ਰਭੂ ਮੰਨਦੇ ਸਨ, ਤਾਂ ਉਹ ਬਪਤਿਸਮਾ ਲੈਣ ਤੋਂ ਸੰਕੋਚ ਨਹੀਂ ਕਰਦੇ ਸਨ। ਪੰਤੇਕੁਸਤ ਦੇ ਦਿਨ, ਪਹਿਲੀ ਵਾਰ ਇੰਜੀਲ ਦਾ ਪਰਚਾਰ ਸੁਣ ਕੇ ਤਿੰਨ ਹਜ਼ਾਰ ਲੋਕਾਂ ਨੇ ਉਸੇ ਦਿਨ ਬਪਤਿਸਮਾ ਗ੍ਰਹਿਣ ਕੀਤਾ (ਰਸੂਲਾਂ ਦੇ ਕਰਤੱਬ 2:37-41)। ਰਸੂਲਾਂ ਦੇ ਕਰਤੱਬ ਦੀ ਕਿਤਾਬ ਤੱਕ ਇਸੇ ਤਰੀਕੇ ਦਾ ਇਸਤੇਮਾਲ ਕੀਤਾ ਗਿਆ ਸੀ, ਜਿਵੇਂ ਕਈ ਉਦਾਹਰਣਾਂ ਸਿਖਾਉਂਦੀਆਂ ਹਨ। ਸਾਮਰਿਯਾ ਦੇ ਬਿਰਤਾਂਤ ਵਿਚ ਤੁਰੰਤ ਆਗਿਆਕਾਰੀ ਦਰਜ ਹੈ (ਰਸੂਲਾਂ ਦੇ ਕਰਤੱਬ 8:12, 13), ਅਤੇ ਇਹ ਇਥੋਪਿਆ ਦੇ ਖੋਜੇ ਦੇ ਮਨ ਪਰਿਵਰਤਨ ਦੇ ਰਿਕਾਰਡ ਵਿਚ ਵੀ ਬਿਆਨ ਕੀਤਾ ਗਿਆ ਹੈ (ਰਸੂਲਾਂ ਦੇ ਕਰਤੱਬ 8:35-39), ਤਰਸੁਸ ਦਾ ਸ਼ਾਊਲ (ਰਸੂਲਾਂ ਦੇ ਕਰਤੱਬ 9:17, 18; 22:12-16), ਕੁਰਨੇਲਿਯੁਸ ਅਤੇ ਉਸਦੇ ਘਰ ਦੇ ਸਾਰੇ ਲੋਕ (ਰਸੂਲਾਂ ਦੇ ਕਰਤੱਬ 10:30-48), ਲੁਦਿਯਾ ਅਤੇ ਉਸ ਦਾ ਪਰਿਵਾਰ (ਰਸੂਲਾਂ ਦੇ ਕਰਤੱਬ 16:13-15), ਫ਼ਿਲਿੱਪੈ ਦਾ ਦਰੋਗਾ ਅਤੇ ਉਸ ਦਾ ਪਰਿਵਾਰ (ਰਸੂਲਾਂ ਦੇ ਕਰਤੱਬ 16:25-34), ਅਤੇ ਕਰਿਸਪੁਸ ਅਤੇ ਉਸ ਦਾ ਪਰਿਵਾਰ (ਰਸੂਲਾਂ ਦੇ ਕਰਤੱਬ 18:8)। ਲੋਕਾਂ ਨੂੰ ਕਦੀ ਵੀ ਇੰਜੀਲ ਦੇ ਸੱਦੇ ਨੂੰ ਉਸ ਦੀ ਆਗਿਆਕਾਰੀ ਨੂੰ ਮੁਲਤਵੀ ਕਰਨ ਦੇ ਦੁਆਰਾ ਪਰਮੇਸ਼ੁਰ ਦੀ ਦਯਾ ਦੇ ਉੱਤੇ ਕਦੀ ਵੀ ਤਰਕ ਨਹੀਂ ਕਰਨਾ ਚਾਹੀਦਾ ਹੈ। ਜਿਵੇਂ ਪੌਲੁਸ ਨੇ ਕੁਰਿੰਥੀਆਂ ਨੂੰ ਕਿਹਾ, "ਵੇਖੋ, ਹੁਣ ਹੀ ਮਨ

ਭਾਉਂਦਾ ਸਮਾ ਹੈ, ਵੇਖੋ, ਹੁਣ ਹੀ ਮੁਕਤੀ ਦਾ ਦਿਨ ਹੈ" (2 ਕੁਰਿੰਥੀਆਂ 6:2)।

---

## ਟਿੱਪਣੀਆਂ

[1]ਕੁਝ ਅੰਗ੍ਰੇਜ਼ੀ ਬਾਈਬਲਾਂ ਵਿਚ ਇਸ ਇਬਰਾਨੀ ਨਾਮ ਨੂੰ "ਐੱਲ ਸ਼ੈਦਾਈ" ਦੇ ਰੂਪ ਵਿਚ ਲਿਪੀਅੰਤਰਣ ਕੀਤਾ ਗਿਆ ਹੈ (NJPSV; NJB)। [2]ਬਾਈਬਲ ਦੇ ਆਲੋਚਕ ਉਤਪਤ ਦੇ "ਯਹੋਵਾਹ" ਕੁਲ ਪਿਤਾਤਮਕ ਉਪਯੋਗ ਦੇ ਵਿਚ (12:8; 13:4; 14:22; 21:33; 22:14; 26:22, 25; 27:7; 28:16, 21) ਅਤੇ ਕੂਚ 6:3 ਦੇ ਬਿਆਨ ਵਿਚ ਸੰਘਰਸ਼ ਨੂੰ ਵੇਖਦੇ ਹਨ: "ਮੈਂ ਅਬਰਾਹਾਮ, ਇਸਹਾਕ, ਅਰ ਯਾਕੂਬ ਨੂੰ ਸਰਬ ਸ਼ਕਤੀਮਾਨ ਪਰਮੇਸ਼ੁਰ ਦੇ ਨਾਮ ਉੱਤੇ ਦਰਸ਼ਣ ਦਿੱਤਾ ਪਰ ਮੈਂ ਆਪਣੇ ਯਹੋਵਾਹ ਨਾਮ ਨਾਲ ਉਨ੍ਹਾਂ ਉੱਤੇ ਪਰਗਟ ਨਹੀਂ ਹੋਇਆ।" ਬਾਅਦ ਦੇ ਹਵਾਲੇ ਵਿਚ, ਪਰਮੇਸ਼ੁਰ ਇਹ ਨਹੀਂ ਕਹਿ ਰਿਹਾ ਸੀ ਕਿ "ਯਹੋਵਾਹ" ਨਾਮ ਉਸ ਦੇ ਲੋਕਾਂ ਤੋਂ ਅਗਿਆਤ ਸੀ। ਇਸ ਦੀ ਬਜਾਇ, ਇਹ ਪ੍ਰਸੰਗ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਪਰਮੇਸ਼ੁਰ ਮਿਸਰ ਵਿਚ ਛੁਟਕਾਰੇ ਦੇ ਸ਼ਕਤੀਸ਼ਾਲੀ ਕੰਮਾਂ ਨੂੰ ਕਰਨ ਦੇ ਰਾਹੀਂ, ਜਿਵੇਂ ਦਸ ਬਵਾਂ ਨੂੰ ਭੇਜਣ ਅਤੇ ਲਾਲ ਸਮੁੰਦਰ ਨੂੰ ਦੋ ਹਿੱਸਿਆਂ ਵਿਚ ਵੰਡਣ ਦੇ ਦੁਆਰਾ ਆਪਣੇ ਸ਼ਕਤੀਸ਼ਾਲੀ ਨਾਮ ਦੀ ਮਹੱਤਤਾ ਨੂੰ ਹੋਰ ਵੀ ਵਧੇਰੇ ਪਰਗਟ ਕਰੇਗਾ (ਕੂਚ 3:14, 15)। ਨਾਮ "ਯਾਹਵੇ" (יהוה, *ਯਾਹਵੇਹ*) ਇਬਰਾਨੀ ਕਿਰਿਆ ਦੀ ਕਿਰਿਆ (הָיָה, *ਹੈਆਹ*) ਦੇ ਨਾਲ ਸੰਬੰਧਤ ਹੈ। ਉਹ ਪਰਮੇਸ਼ੁਰ ਹੈ ਜੋ "ਉਹ ਚੀਜ਼ਾਂ ਦੀ ਹੋਂਦ, ਵਾਪਰਣ, ਜਾਂ ਹੋਣ ਦਾ ਕਾਰਣ ਬਣਦਾ ਹੈ।" [3]ਵਿਕਟਰ ਪੀ. ਹੈਮਿਲਟਨ, "שַׁדַּי" *TWOT* ਵਿਚ, 2:907; ਵੇਖੋ ਤਾਲਮੁੱਡ *ਹਾਗਿਜਾ* 12a. [4]ਜੌਨ ਡੀ. ਲੈਵੇਨਸਨ, "ਉਤਪਤ," *ਦ ਜਿਊਇਸ਼ ਸਟੱਡੀ ਬਾਈਬਲ,* ਸੋਧ ਅਡੇਲੇ ਬਰਲਿਨ ਅਤੇ ਮਾਰਕ ਜੀਵੀ ਬਰੇਟਲਰ (ਨਿਊ ਯਾਰਕ: ਓਕਸਫੋਰਡ ਯੂਨੀਵਰਸਿਟੀ ਪ੍ਰੈੱਸ, 2004), 37. [5]ਜੇ. ਬਾਰਟਨ ਪੇਅਨੇ, "תָּמִים" *TWOT* ਵਿਚ, 2:973-74. [6]ਇਹ ਹਵਾਲੇ ਇਸਰਾਈਲ ਦੇ ਦੇਸ ਵੱਲ ਇਸ਼ਾਰਾ ਕਰਦੇ ਹਨ, ਜੋ ਅਬਰਾਹਾਮ, ਇਸਹਾਕ, ਅਤੇ ਯਾਕੂਬ ਦੀ ਚੁਣੀ ਹੋਈ ਵੰਸ਼ਾਵਲੀ ਸੀ। [7]ਜੇ. ਬਾਰਟਨ ਪੇਅਨੇ, "אַבְרָהָם" *TWOT* ਵਿਚ, 1:6. [8]ਭਾਵੇਂ ਯੂਨਾਹ ਸਿਰਫ "ਤਿੰਨ ਦਿਨ ਅਤੇ ਤਿੰਨ ਰਾਤਾਂ" ਇੱਕ ਵੱਡੀ ਮੱਛੀ ਦੇ ਢਿੱਡ ਵਿਚ ਸੀ, ਉਸ ਨੇ ਕਾਵਿਕ ਤੌਰ ਤੇ ਕਿਹਾ ਸੀ ਕਿ "ਧਰਤੀ ਦੇ ਅਰਲਾਂ ਨੇ *ਸਦਾ ਦੇ ਲਈ* [ਮੈਨੂੰ] ਢੱਕ ਛੱਡਿਆ" (ਯੂਨਾਹ 1:17; 2:6; ਜ਼ੋਰ ਦਿੱਤਾ ਗਿਆ ਹੈ)। [9]ਹੰਨਾਹ ਨੇ ਸਹੁੰ ਖਾਧੀ ਕਿ ਜੇਕਰ ਉਸ ਨੂੰ ਇੱਕ ਪੁੱਤਰ (ਸਮੂਏਲ) ਦਿੱਤਾ ਗਿਆ ਸੀ, ਤਾਂ ਉਹ "ਜਿੰਨਾ ਚਿਰ ਉਹ ਜੀਉਂਦਾ ਰਹੇ" ਯਹੋਵਾਹ ਨੂੰ ਸਮਰਪਿਤ ਹੋਵੇਗਾ – ਇੱਕ ਪਰਗਟਾਵਾ ਜਿਸ ਦੀ ਵਿਆਖਿਆ *"ਸਦਾ"* ਲਈ ਕੀਤੀ ਗਈ ਹੈ (1 ਸਮੂਏਲ 1:11, 22; ਜ਼ੋਰ ਦਿੱਤਾ ਗਿਆ ਹੈ)। [10]ਜੈਕ ਐਮ. ਸੈਸਨ, "ਪ੍ਰਾਚੀਨ ਨਿਕਟ ਪੂਰਬ ਵਿਚ ਸੁੰਨਤ," *ਜਰਨਲ ਆਫ਼ ਬਿਬਲੀਕਲ ਲਿਟਰੇਚਰ* 85, ਨੰਬਰ 4 (ਦਸੰਬਰ 1966): 475-76.

[11]ਜੌਨ ਏ. ਵਿਲਸਨ, ਅਨੁਵਾਦ, "ਮਿਸਰ ਵਿਚ ਸੁੰਨਤ," *ਐਨਸ਼ੀਐਂਟ ਨੀਅਰ ਈਸਟਰਨ ਟੈਕਸਟਸ: ਰੀਲੇਟਿੰਗ ਟੂ ਦ ਓਲਡ ਟੈਸਟਾਮੈਂਟ,* 3 ਸੋਧ, ਸੋਧ ਜੇਮਸ ਬੀ. ਪਰਿਚਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 326 ਵਿਚ। [12]ਰੋਬਰਟ ਜੀ. ਹਾੱਲ, "ਸਰਕੂਮਿਸਿਸ਼ਨ," *ਦ ਐਂਕਰ ਬਾਈਬਲ ਡਿਕਸ਼ਨਰੀ*, ਸੋਧ, ਡੇਵਿਡ ਨੋਇਲ ਫ੍ਰੀਡਮੈਨ (ਨਿਊ ਯਾਰਕ: ਡਬਲਡੇ, 1992), 1:1025-26. [13]NIV ਵਿਚ "ਹਾਂ, ਪਰ," ਜੋ, ਹਾਲਾਂਕਿ ਸੰਭਵ ਹੈ, ਉਹ ਇਸ ਪ੍ਰਸੰਗ ਵਿਚ ਸਹਾਇਕ ਦੀ ਤੁਲਨਾ ਵਿਚ ਵਧੇਰੇ ਭਰਮਾਉਣ ਵਾਲਾ ਜਾਪਦਾ ਹੈ। [14]ਵਿਲੀਅਮ ਸ਼ੇਕਸਪੀਅਰ *ਰੋਮੀਓ ਐਂਡ ਜੂਲੀਅਟ* 2.2.43-44.